# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 24 ਨਵੰਬਰ 2025 ਦਿਨ ਸੋਮਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਬ੍ਰਿਟਿਸ਼ ਕੋਲੰਬੀਆ ਵੱਲੋਂ 24 ਨਵੰਬਰ ਨੂੰ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ 350ਵਾਂ ਵਰ੍ਹਾ ਸਰਕਾਰੀ ਤੌਰ ’ਤੇ ਮਨਾਉਣ ਦਾ ਐਲਾਨ-ਨਾਮਾ ਜਾਰੀ

### ਅਟਾਰਨੀ ਜਨਰਲ ਨਿੱਕੀ ਸ਼ਰਮਾ ਨੇ ਇਸ ਐਲਾਨ-ਨਾਮੇ ਦੀ ਕਾਪੀ ਸਿੰਘ ਸਭਾ ਗੁਰਦੁਆਰਾ ਦੇ ਪ੍ਰਬੰਧਕਾਂ ਨੂੰ ਸੌਂਪੀ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਸਰੀ, 24 ਨਵੰਬਰ : ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ 24 ਨਵੰਬਰ 2025 ਨੂੰ ਸਿੱਖ ਧਰਮ ਦੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਅਮਰ ਸ਼ਹਾਦਤ ਦੇ 350ਵੇਂ ਪ੍ਰਕਾਸ਼ ਵਰ੍ਹੇ ਵਜੋਂ ਮਨਾਉਣ ਦਾ ਅਧਿਕਾਰਿਕ ਐਲਾਨ-ਨਾਮਾ ਜਾਰੀ ਕੀਤਾ ਹੈ। ਇਹ ਪ੍ਰਕਾਸ਼ਨਾ ਉਸ ਅਦੁੱਤੀ ਕੁਰਬਾਨੀ ਨੂੰ ਸਲਾਮ ਹੈ ਜੋ ਗੁਰੂ ਸਾਹਿਬ ਨੇ ਧਾਰਮਿਕ ਆਜ਼ਾਦੀ, ਮਨੁੱਖੀ ਅਧਿਕਾਰਾਂ ਅਤੇ ਨਿਰਬਲਾਂ ਦੀ ਰੱਖਿਆ ਲਈ ਦਿੱਤੀ—ਇੱਕ ਅਜਿਹੀ ਸ਼ਹਾਦਤ ਜੋ ਵਿਸ਼ਵ ਇਤਿਹਾਸ ਵਿੱਚ ਬੇਮਿਸਾਲ ਮੰਨੀ ਜਾਂਦੀ ਹੈ।

ਇਹ ਐਲਾਨ-ਨਾਮਾ ਮਹਾਰਾਜਾ ਕਿੰਗ ਚਾਰਲਜ਼ ਤੀਜੇ ਦੇ ਨਾਮ ਵਿੱਚ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ ਸਿੱਖ ਕਮਿਊਨਿਟੀ ਦੀਆਂ ਕਈ ਪੀੜ੍ਹੀਆਂ ਦੇ ਫੈਲੇ ਸੱਭਿਆਚਾਰਕ, ਸਮਾਜਿਕ ਅਤੇ ਆਰਥਿਕ ਯੋਗਦਾਨ ਨੂੰ ਵੀ ਸਨਮਾਨਿਆ ਗਿਆ ਹੈ। 1900 ਦੇ ਸ਼ੁਰੂਆਤੀ ਦਹਾਕਿਆਂ ਤੋਂ ਇੱਥੇ ਆ ਵਸੇ ਸਿੱਖ ਪਰਵਾਸੀਆਂ ਨੇ ਸੂਬੇ ਦੀ ਤਰੱਕੀ, ਉਸ ਦੀਆਂ ਮੁੱਲਾਂ ਅਤੇ ਉਸ ਦੀ ਬਹੁ-ਸੱਭਿਆਚਾਰਕ ਪਹਿਚਾਣ ਵਿੱਚ ਮੁੱਲਵਾਨ ਭੂਮਿਕਾ ਨਿਭਾਈ ਹੈ। ਇਸ ਐਲਾਨ ਵਿੱਚ ਗੁਰੂ ਤੇਗ਼ ਬਹਾਦਰ ਜੀ ਨੂੰ “ਧਾਰਮਿਕ ਆਜ਼ਾਦੀ ਦੇ ਰੱਖਿਅਕ, ਕੁਰਬਾਨੀ ਅਤੇ ਹਿੰਮਤ ਦੇ ਪ੍ਰਤੀਕ ਅਤੇ ਸਭਿਆਚਾਰਕ ਸਾਂਝ ਦੇ ਮਸੀਹਾ” ਵਜੋਂ ਉਭਾਰਿਆ ਗਿਆ।

ਇਸ ਸਬੰਧ ਵਿਚ ਸਰਕਾਰੀ ਸਮਾਗਮ ਅੱਜ ਸਰੀ ਦੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿੱਚ ਹੋਇਆ, ਜਿੱਥੇ ਬ੍ਰਿਟਿਸ਼ ਕੋਲੰਬੀਆ ਦੀ ਅਟਾਰਨੀ ਜਨਰਲ ਨਿੱਕੀ ਸ਼ਰਮਾ ਨੇ ਇਸ ਪ੍ਰਕਾਸ਼ਨਾ ਨੂੰ ਸੰਗਤ ਦੇ ਸਾਹਮਣੇ ਪੜ੍ਹ ਕੇ ਸੁਣਾਇਆ ਅਤੇ ਇਸ ਦੀ ਫ੍ਰੇਮ ਕੀਤੀ ਕਾਪੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਂਟ ਕੀਤੀ। ਸੰਗਤ ਵੱਲੋਂ ਉਨ੍ਹਾਂ ਦਾ ਖ਼ਾਸ ਸਵਾਗਤ ਕੀਤਾ ਗਿਆ।

ਇਸ ਮੌਕੇ ’ਤੇ ਪੋਸਟ-ਸੈਕੰਡਰੀ ਐਜੁਕੇਸ਼ਨ ਐਂਡ ਫਿਊਚਰ ਸਕਿਲਜ਼ ਮੰਤਰੀ ਜੈਸੀ ਸੁੰਨੜ ਅਤੇ ਪਾਰਲੀਮੈਂਟਰੀ ਸੈਕਟਰੀ ਅਮਨਾ ਸ਼ਾਹ ਵੀ ਮੌਜੂਦ ਸਨ। ਦੋਵਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਸਾਨੂੰ ਮਨੁੱਖੀ ਅਧਿਕਾਰਾਂ ਦੀ ਰੱਖਿਆ, ਧਾਰਮਿਕ ਆਜ਼ਾਦੀ ਦੀ ਕਦਰ ਅਤੇ ਸਮਾਜ ਵਿੱਚ ਨਿਆਂ ਤੇ ਭਾਈਚਾਰਕ ਮੁੱਲਾਂ ਨੂੰ ਮਜ਼ਬੂਤ ਕਰਨ ਦੀ ਪ੍ਰੇਰਣਾ ਦਿੰਦੀ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੰਤਰੀਆਂ ਨੂੰ ਮਾਨ-ਪੱਤਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਪ੍ਰਸਿੱਧ ਸਿੱਖ ਵਿਦਵਾਨ ਗਿਆਨ ਸਿੰਘ ਸੰਧੂ ਨੇ ਇਸ ਮੌਕੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ ਇਤਿਹਾਸਕ ਅਤੇ ਆਧਿਆਤਮਿਕ ਤੱਤਾਂ ’ਤੇ ਰੌਸ਼ਨੀ ਪਾਈ। ਉਨ੍ਹਾਂ ਨੇ ਕਿਹਾ ਕਿ ਗੁਰੂ ਸਾਹਿਬ ਦੀ ਕੁਰਬਾਨੀ ਸਿਰਫ਼ ਸਿੱਖ ਧਰਮ ਲਈ ਨਹੀਂ, ਸਗੋਂ ਪੂਰੀ ਮਨੁੱਖਤਾ ਦੀ ਆਜ਼ਾਦੀ ਅਤੇ ਨਿਆਂ ਲਈ ਸੀ; ਇਸ ਕਰਕੇ ਇਹ ਦਿਨ ਹਰ ਹਸਤੀ ਨੂੰ ਸ਼ਾਂਤੀ, ਸਹਿਣਸ਼ੀਲਤਾ ਅਤੇ ਨਿਡਰਤਾ ਵੱਲ ਪ੍ਰੇਰਿਤ ਕਰਦਾ ਹੈ।

ਇਹ ਸੂਬਾਈ ਐਲਾਨ-ਨਾਮਾ ਬ੍ਰਿਟਿਸ਼ ਕੋਲੰਬੀਆ ਦੀ ਬਹੁਭਾਂਤੀ, ਸ਼ਮੂਲੀਅਤ ਅਤੇ ਸਭ ਧਰਮਾਂ ਪ੍ਰਤੀ ਸਤਿਕਾਰ ਦੀ ਵਚਨਬੱਧਤਾ ਨੂੰ ਮੁੜ ਸਪੱਸ਼ਟ ਕਰਦੀ ਹੈ। ਇਹ ਦਿਨ ਸਿਰਫ਼ ਇਤਿਹਾਸ ਦੀ ਯਾਦ ਹੀ ਨਹੀਂ ਦੁਆਉਂਦਾ, ਸਗੋਂ ਅੱਜ ਦੀ ਦੁਨੀਆ ਲਈ ਇੱਕ ਨੈਤਿਕ ਸੰਦੇਸ਼ ਹੈ ਜੋ ਮਨੁੱਖੀ ਅਧਿਕਾਰਾਂ, ਨਿਆਂ ਅਤੇ ਇਕ-ਦੂਜੇ ਦੀ ਆਜ਼ਾਦੀ ਨੂੰ ਸਨਮਾਨ ਦੇਣ ਦੀ ਅਪੀਲ ਕਰਦਾ ਹੈ।

## ਵਿਦਿਆਰਥੀਆਂ ’ਚ ਵਿਗਿਆਨਕ ਨਜ਼ਰੀਆ ਵਿਕਸਤ ਕਰਨਾ ਸਮੇਂ ਦੀ ਲੋੜ- ਗੁਰਮੀਤ ਕੜਿਆਲਵੀ

### ਸੱਤਵੀਂ ਸੂਬਾਈ ਚੇਤਨਾ ਪ੍ਰੀਖਿਆ ਵਿੱਚ ਅਵੱਲ ਰਹੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼
ਸੁਮੀਤ ਸਿੰਘ

ਬਰਨਾਲਾ 24 ਨਵੰਬਰ : ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਗ਼ਦਰ ਲਹਿਰ ਦੀ ਮਹਾਨ ਨਾਇਕਾ ਬੀਬੀ ਗੁਲਾਬ ਕੌਰ ਨੂੰ ਸਮਰਪਿਤ ਸੱਤਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਸੂਬਾਈ ਪੱਧਰ ਤੇ ਅਹਿਮ ਸਥਾਨ ਹਾਸਿਲ ਕਰਨ ਵਾਲੇ 30 ਵਿਦਿਆਰਥੀਆਂ ਦਾ ਸਨਮਾਨ ਕਰਨ ਲਈ ਇਕ ਵਿਸ਼ੇਸ਼ ਸੂਬਾਈ ਸਨਮਾਨ ਸਮਾਗਮ ਤਰਕਸ਼ੀਲ ਭਵਨ, ਬਰਨਾਲਾ ਵਿਖੇ ਕਰਵਾਇਆ ਗਿਆ। ਇਸ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ ਵਿੱਚ ਤਰਕਸ਼ੀਲ ਇਕਾਈਆਂ ਦੇ ਕਾਰਕੁਨਾਂ, ਵਿਦਿਆਰਥੀਆਂ ਅਤੇ ਸਕੂਲ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ।

ਇਸ ਸਮਾਗਮ ਦੇ ਮੁੱਖ ਬੁਲਾਰੇ ਅਤੇ ਨਾਮਵਰ ਸਾਹਿਤਕਾਰ ਗੁਰਮੀਤ ਕੜਿਆਲਵੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਵਿਗਿਆਨਕ ਚੇਤਨਾ ਅੱਜ ਤੱਕ ਦੇ ਮਨੁੱਖੀ ਵਿਕਾਸ ਦਾ ਮੁੱਖ ਆਧਾਰ ਹੈ ਪਰ ਆਜ਼ਾਦੀ ਤੋਂ ਬਾਅਦ ਸੱਤਾਧਾਰੀ ਜਮਾਤਾਂ ਨੇ ਸਿੱਖਿਆ ਨੀਤੀ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨ ਦੀ ਥਾਂ ਰੂੜ੍ਹੀਵਾਦੀ ਪਾਠਕ੍ਰਮ ਸ਼ਾਮਿਲ ਕਰਕੇ ਵਿਦਿਆਰਥੀਆਂ ਨੂੰ ਵਿਗਿਆਨਕ ਨਜ਼ਰੀਆ ਅਪਨਾਉਣ ਤੋਂ ਵਾਂਝਿਆਂ ਕੀਤਾ ਹੈ ਜਦਕਿ ਤਰਕਸ਼ੀਲ ਸੁਸਾਇਟੀ ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਵਿਗਿਆਨਕ ਦ੍ਰਿਸ਼ਟੀਕੋਣ ਪ੍ਰਫੁੱਲਿਤ ਕਰਨ ਲਈ ਲਗਾਤਾਰ ਉਪਰਾਲੇ ਕਰਦੀ ਆ ਰਹੀ ਹੈ ਅਤੇ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਨੇ ਇਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ।



ਇਸ ਮੌਕੇ ਸੂਬਾਈ ਪੱਧਰ ਤੇ ਛੇਵੀਂ ਤੋਂ ਤੇਰ੍ਹਵੀਂ ਜਮਾਤ ਵਿਚ ਅਹਿਮ ਸਥਾਨ ਹਾਸਿਲ ਕਰਨ ਵਾਲੇ ਮਿਡਲ ਅਤੇ ਸੈਕੰਡਰੀ ਗਰੁੱਪ ਦੇ 30 ਵਿਦਿਆਰਥੀਆਂ ਨੂੰ ਨਕਦ ਇਨਾਮ, ਤਰਕਸ਼ੀਲ ਕਿਤਾਬਾਂ,ਯਾਦਗਾਰੀ ਚਿੰਨ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੋਹਰੀ ਰਹੇ ਕੁਝ ਵਿਦਿਆਰਥੀਆਂ ਨੇ ਸਟੇਜ ਤੋਂ ਪ੍ਰੀਖਿਆ ਬਾਰੇ ਆਪਣੇ ਤਜਰਬੇ ਵੀ ਸਾਂਝੇ ਕੀਤੇ। ਸੂਬਾ ਕਮੇਟੀ ਵੱਲੋਂ ਸਮਾਗਮ ਦੇ ਮੁੱਖ ਬੁਲਾਰੇ ਗੁਰਮੀਤ ਕੜਿਆਲਵੀ ਨੂੰ ਤਰਕਸ਼ੀਲ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਪ੍ਰਧਾਨ ਬਲਦੇਵ ਰਹਿਪਾ ਅਤੇ ਤਰਕਸ਼ੀਲ ਸੁਸਾਇਟੀ ਇੰਗਲੈਂਡ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਮੱਖਣ ਸਿੰਘ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਉੱਤਮ ਕਾਰਗੁਜਾਰੀ ਵਿਖਾਉਣ ਵਾਲੀਆਂ ਇਕਾਈਆਂ ਸ਼ਾਹਕੋਟ, ਰੋਪੜ,ਬਠਿੰਡਾ, ਭਦੌੜ,ਮਲੇਰਕੋਟਲਾ, ਬਰਨਾਲਾ,ਸੰਗਰੂਰ, ਅਬੋਹਰ,ਪਟਿਆਲਾ ਸ਼ਹਿਰ, ਫ਼ਗਵਾੜਾ ,ਅੰਮ੍ਰਿਤਸਰ, ਮੋਹਾਲੀ, ਦਿੜ੍ਹਬਾ, ਮਾਨਸਾ, ਪਟਿਆਲਾ ਅਰਬਨ ਅਸਟੇਟ,ਮੁਕਤਸਰ - ਲੱਖੇਵਾਲੀ, ਗੋਪਾਲਪੁਰ-ਮਝਵਿੰਡ, ਬੰਗਾ,ਤਰਨਤਾਰਨ, ਟਿੱਬਾ, ਧਾਰੀਵਾਲ ਭੋਜਾਂ ਅਤੇ ਫਰੀਦਕੋਟ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਪਿਛਲੇ ਸੱਤ ਸਾਲਾਂ ਤੋਂ ਕਰਵਾਈ ਜਾ ਰਹੀ ਵਿੱਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਉਣ ਦੇ ਮਕਸਦ ਬਾਰੇ ਦੱਸਿਆ ਅਤੇ ਇਸ ਵਿੱਚ ਸਹਿਯੋਗ ਕਰਨ ਵਾਲੇ ਸਕੂਲ ਮੁਖੀਆਂ ,ਪ੍ਰਬੰਧਕਾਂ ,ਅਧਿਆਪਕਾਂ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਜਦਕਿ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੂਬਾਈ ਆਗੂ ਗੁਰਪ੍ਰੀਤ ਸ਼ਹਿਣਾ ਨੇ ਬਾਖੂਬੀ ਨਿਭਾਈ।

ਇਸ ਮੌਕੇ ਸੂਬਾ ਕਮੇਟੀ ਆਗੂ ਹੇਮ ਰਾਜ ਸਟੈਨੋ,ਰਾਜੇਸ਼ ਅਕਲੀਆ, ਰਾਜਪਾਲ ਸਿੰਘ, ਰਾਮ ਸਵਰਨ ਲੱਖੇਵਾਲੀ,ਜੋਗਿੰਦਰ ਕੁੱਲੇਵਾਲ, ਸੁਖਵਿੰਦਰ ਬਾਗਪੁਰ,ਸੁਮੀਤ ਅੰਮ੍ਰਿਤਸਰ,ਜਸਵੰਤ ਮੁਹਾਲੀ, ਜਸਵਿੰਦਰ ਫਗਵਾੜਾ, ਸੁਰਜੀਤ ਟਿੱਬਾ, ਜੁਝਾਰ ਲੌਂਗੋਵਾਲ,ਮੋਹਨ ਬਡਲਾ, ਕੁਲਜੀਤ ਡੰਗਰਖੇੜਾ ਅਤੇ ਜੋਨ ਆਗੂ ਪ੍ਰਵੀਨ ਜੰਡਵਾਲਾ,ਅਜੀਤ ਪ੍ਰਦੇਸੀ,ਸੰਦੀਪ ਧਾਰੀਵਾਲ ਭੋਜਾਂ, ਜਗਦੀਸ਼ ਰਾਏਪੁਰ ਡਿੱਬਾ,ਸੁਖਦੇਵ ਫਗਵਾੜਾ ਤੋਂ ਇਲਾਵਾ ਬੀਰਬਲ ਭਦੌੜ, ਪਰਮਜੀਤ ਸੰਘੇੜਾ,ਨਵਕਿਰਨ ਬਰੈਮਪਟਨ,ਹਰਜੀਤ ਬੇਦੀ,ਪ੍ਰਿੰਸੀਪਲ ਜਤਿੰਦਰ ਸਿੰਘ, ਪ੍ਰਿੰ ਹਰਿੰਦਰ ਕੌਰ, ਰਾਜਵੰਤ ਬਾਗੜੀਆਂ, ਰਣਧੀਰ ਗਿਲਪਤੀ,ਮੁਖਤਿਆਰ ਗੋਪਾਲਪੁਰ,ਜਸਪਾਲ ਬਾਸਰਕੇ, ਪ੍ਰਿੰਸੀਪਲ ਮੇਲਾ ਰਾਮ, ਰਾਮ ਕੁਮਾਰ ਭਦੌੜ,ਗਿਆਨ ਸਿੰਘ, ਵਿਸ਼ਵ ਕਾਂਤ,ਪਾਲ ਬਾਗਪੁਰ,ਦਮਨਜੀਤ ਕੌਰ, ਕੁਲਵਿੰਦਰ ਨਗਾਰੀ,ਗਿਆਨ ਸੈਦਪੁਰੀ,ਗਗਨ ਰਾਮਪੁਰਾ , ਪ੍ਰਿੰ ਮਨਜੀਤ ਸਿੰਘ,ਮਾਸਟਰ ਲੱਖਾ ਸਿੰਘ, ਰਮੇਸ਼ ਜੈਨ ਅਤੇ ਵੱਖ ਵੱਖ ਸਕੂਲਾਂ ਦੇ ਅਧਿਆਪਕ,ਵਿਦਿਆਰਥੀ ਅਤੇ ਮਾਪੇ ਵੀ ਸ਼ਾਮਿਲ ਹੋਏ।

## ਸਨਸਿਟ ਇੰਡੋ-ਕਨੇਡੀਅਨ ਸੀਨੀਅਰ ਸੁਸਾਇਟੀ ਵੱਲੋਂ ਗੁਰੂ ਤੇਗ ਬਹਾਦਰ ਅਤੇ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਵੈਨਕੂਵਰ, 24 ਨਵੰਬਰ : ਸਨਸਿਟ ਇੰਡੋ-ਕਨੇਡੀਅਨ ਸੀਨੀਅਰ ਸੁਸਾਇਟੀ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਦੀ ਲਾਸਾਨੀ ਸ਼ਹਾਦਤ ਅਤੇ ਗ਼ਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਸਮੇਤ ਹੋਰ ਕ੍ਰਾਂਤੀਕਾਰੀ ਸਾਥੀਆਂ ਦੀ ਯਾਦ ਵਿੱਚ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਇਤਿਹਾਸ, ਗੁਰਮਤਿ ਗਿਆਨ ਅਤੇ ਕੁਰਬਾਨੀਆਂ ਦੀ ਮਹਾਨਤਾ ਨੂੰ ਵਿਸਥਾਰ ਨਾਲ ਰੌਸ਼ਨ ਕੀਤਾ।

ਸਮਾਗਮ ਦੀ ਸ਼ੁਰੂਆਤ ਸੁਸਾਇਟੀ ਦੇ ਸਕੱਤਰ ਸੁਰਜੀਤ ਸਿੰਘ ਮਿਨਹਾਸ ਨੇ ਕੀਤੀ, ਜਿਨ੍ਹਾਂ ਨੇ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਅਤੇ ਜੀਵਨੀ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਸੁਰਜੀਤ ਸਿੰਘ ਭੱਟੀ ਨੇ ਕਵਿਤਾ ਰਾਹੀਂ ਇਹਨਾਂ ਮਹਾਨ ਸ਼ਹੀਦਾਂ ਨੂੰ ਸਿਜਦਾ ਕਰਦਿਆਂ ਹਾਲ ਨੂੰ ਭਾਵੁਕਤਾ ਨਾਲ ਭਰ ਦਿੱਤਾ।

ਸਮਾਗਮ ਦੇ ਮੁੱਖ ਬੁਲਾਰੇ ਗਿਆਨੀ ਹਰਪ੍ਰੀਤ ਸਿੰਘ ਨੇ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਬਾਰੇ ਕਈ ਮਹੱਤਵਪੂਰਨ ਅਤੇ ਤੱਥ-ਅਧਾਰਿਤ ਵਿਚਾਰ ਰੱਖੇ। ਉਹਨਾਂ ਨੇ ਆਪਣੇ ਸੰਬੋਧਨ ਵਿੱਚ ਸਪੱਸ਼ਟ ਕੀਤਾ ਕਿ ਆਮ ਤੌਰ ’ਤੇ ਇਹ ਪ੍ਰਚਾਰਿਆ ਜਾਂਦਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਬਾਬੇ ਬਕਾਲੇ ’ਚ 26 ਸਾਲ 9 ਮਹੀਨੇ ਇੱਕ ਭੋਰੇ ਵਿੱਚ ਬੈਠ ਕੇ ਤਪ ਕੀਤਾ ਸੀ। ਉਹਨਾਂ ਕਿਹਾ ਕਿ ਗੁਰਬਾਣੀ ਵਿੱਚ ਤਪ, ਜਪ, ਯੋਗਿਕ ਸਾਧਨਾ ਰਾਹੀਂ ਸਰੀਰ ਨੂੰ ਕਸ਼ਟ ਦੇਣ ਦੀ ਪ੍ਰਥਾ ਦਾ ਖੰਡਨ ਕੀਤਾ ਗਿਆ ਹੈ। ਗੁਰੂ ਸਾਹਿਬਾਂ ਦਾ ਜੀਵਨ ਕਦੇ ਵੀ ਭੋਰੇ, ਗੁਫ਼ਾ ਜਾਂ ਤਪੱਸਿਆ ਵਿੱਚ ਬੰਦ ਹੋਇਆ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਭ ਗੁਰਾਂ ਨੇ ਲੋਕਾਂ ਦੇ ਵਿਚ ਰਹਿ ਕੇ, ਸੰਘਰਸ਼ ਕਰਕੇ, ਮਰਯਾਦਾ ਸਿਖਾ ਕੇ ਅਤੇ ਆਦਰਸ਼ ਜੀਵਨ ਜਿਉਂ ਕੇ ਸਿੱਖੀ ਦਾ ਪਾਸਾਰ ਕੀਤਾ।

ਗਿਆਨੀ ਹਰਪ੍ਰੀਤ ਸਿੰਘ ਨੇ ਕਈ ਇਤਿਹਾਸਿਕ ਸਰੋਤਾਂ ਦਾ ਹਵਾਲਾ ਦੇ ਕੇ ਦੱਸਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਲਗਭਗ 12 ਸਾਲ ਦੀ ਉਮਰ ਤੋਂ ਹੀ ਮਾਝੇ ਦੇ ਖੇਤਰ (ਅੰਮ੍ਰਿਤਸਰ, ਗੋਇੰਦਵਾਲ, ਖਡੂਰ ਸਾਹਿਬ, ਤਰਨ ਤਾਰਨ ਆਦਿ) ਵਿੱਚ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਉਹ ਗੁਰਮੁਖ ਸੰਗਤਾਂ ਨਾਲ ਨਿੱਤ ਸੰਪਰਕ ਵਿੱਚ ਰਹਿੰਦੇ ਸਨ। ਉਹਨਾਂ ਨੇ ਤਿੰਨ ਜੰਗਾਂ ਵਿੱਚ ਸੂਰਵੀਰਤਾ ਨਾਲ ਭਾਗ ਲਿਆ, ਜਿਸ ਕਰਕੇ ਉਹਨਾਂ ਦੇ ਬਹਾਦਰੀ-ਪੂਰਨ ਚਰਿੱਤਰ ਨੂੰ ਦੇਖਦੇ ਹੋਏ ਉਹਨਾਂ ਦਾ ਨਾਂ “ਤੇਗ ਬਹਾਦਰ” ਪੈ ਗਿਆ।

ਗਿਆਨੀ ਹਰਪ੍ਰੀਤ ਸਿੰਘ ਨੇ ਗੁਰਬਾਣੀ ਦੀਆਂ ਤੁਕਾਂ ਅਤੇ ਗੁਰਮਤਿ ਦੇ ਮੂਲ ਤੱਤਾਂ ਦਾ ਸਹਾਰਾ ਲੈ ਕੇ ਕਿਹਾ ਕਿ ਇਹ ਕਹਾਣੀ ਕਿ ਗੁਰੂ ਤੇਗ ਬਹਾਦਰ ਜੀ ਨੇ ਪਰਿਆਗ ਰਾਜ ਵਿੱਚ ਪੁੱਤਰ ਦੀ ਪ੍ਰਾਪਤੀ ਲਈ ਯੱਗ ਕੀਤਾ ਸੀ — ਗੁਰਮਤਿ ਅਨੁਸਾਰ ਅਸੰਭਵ ਹੈ। ਗੁਰੂ ਸਾਹਿਬਾਂ ਨੇ ਕਿਸੇ ਮੰਨਤ ਜਾਂ ਕਰਮਕਾਂਡ ਦੀ ਪ੍ਰਥਾ ਨੂੰ ਕਦੇ ਨਹੀਂ ਮੰਨਿਆ। ਉਸ ਸਮੇਂ ਦੀਆਂ ਕੁਝ ਪੁਰਾਤਨ ਕਿਤਾਬਾਂ ਜਾਂ ਕਾਲਮਾਂ ਵਿੱਚ ਦਰਜ ਕਹਾਣੀਆਂ ਨੂੰ ਗੁਰਬਾਣੀ ਅਤੇ ਤਰਕ ਦੀ ਕਸਵੱਟੀ ’ਤੇ ਪਰਖਿਆ ਜਾਣਾ ਚਾਹੀਦਾ ਹੈ, ਅੰਨ੍ਹੇ ਵਿਸ਼ਵਾਸ ਨਾਲ ਨਹੀਂ ਮੰਨਿਆ ਜਾਣਾ ਚਾਹੀਦਾ।

ਗਿਆਨੀ ਹਰਪ੍ਰੀਤ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਗੁਰੂ ਸਾਹਿਬ ਨਾ ਤਾਂ ਤਪਸੀ, ਨਾ ਤਿਆਗੀ, ਨਾ ਹੀ ਕਰਮਕਾਂਡਾਂ ਨੂੰ ਮੰਨਣ ਵਾਲੇ ਸਨ; ਉਹ ਪੂਰੇ ਸਿਰਜੇ ਗੁਰਮੁਖ, ਯੋਧੇ ਅਤੇ ਮਨੁੱਖੀ ਮੁੱਲਾਂ ਦੇ ਰਖਵਾਲੇ ਸਨ। ਧਰਮ ਦੀ ਆਜ਼ਾਦੀ ਹਰ ਮਨੁੱਖ ਦਾ ਜਨਮ-ਸਿੱਧ ਹੱਕ ਹੈ — ਇਹ ਗੁਰੂ ਸਾਹਿਬ ਨੇ ਆਪਣੀ ਸ਼ਹਾਦਤ ਨਾਲ ਸੰਸਾਰ ਨੂੰ ਸਿਖਾਇਆ।

ਰਾਜਿੰਦਰ ਸਿੰਘ ਪੰਧੇਰ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਤੋਂ ਲੈ ਕੇ ਸ਼ਹੀਦੀ ਤੱਕ ਦੇ ਪੂਰੇ ਇਤਿਹਾਸ ਨੂੰ ਵਿਸਥਾਰ ਨਾਲ ਸਾਂਝਾ ਕੀਤਾ। ਉਹਨਾਂ ਨੇ ਦੱਸਿਆ ਕਿ 19 ਸਾਲ ਦੇ ਇਸ ਕੌਮੀ ਹੀਰੇ ਨੇ ਕਿਵੇਂ ਅਖਬਾਰ ਛਾਪਣ, ਕ੍ਰਾਂਤੀਕਾਰੀਆਂ ਨਾਲ ਸੰਪਰਕ, ਫੰਡ ਇਕੱਠਾ ਕਰਨ ਅਤੇ ਫੌਜੀ ਛਾਉਣੀਆਂ ਤੱਕ ਜ਼ੁਲਮ ਦੇ ਵਿਰੁੱਧ ਲੜਾਈ ਦਾ ਸੁਨੇਹਾ ਪਹੁੰਚਾਉਣ ਵਿੱਚ ਅਗਵਾਈ ਕੀਤੀ।

ਸੋਸਾਇਟੀ ਦੇ ਮੀਤ ਪ੍ਰਧਾਨ ਮੁਖਤਿਆਰ ਸਿੰਘ ਬੋਪਾ ਰਾਏ ਨੇ ਗ਼ਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਬੋਲਦਿਆਂ ਕਿਹਾ ਕਿ ਗ਼ਦਰੀਆਂ ਦਾ ਝੰਡਾ ਬਣਾਉਣ, ਗ਼ਦਰ ਪਾਰਟੀ ਤੇ ਗ਼ਦਰ ਅਖਬਾਰ ਨੂੰ ਪ੍ਰਫੁੱਲਤ ਕਰਨ, ਗ਼ਦਰ ਅਖਬਾਰ ਵਿੱਚ ਲਿਖਣ, ਛਾਪਣ ਅਤੇ ਵੰਡਣ ਵਰਗੇ ਕੰਮਾਂ ਵਿਚ ਕਰਤਾਰ ਸਿੰਘ ਸਰਾਭਾ ਦਾ ਵਿਸ਼ੇਸ਼ ਯੋਗਦਾਨ ਰਿਹਾ। ਉਹ ਗ਼ਦਰੀਆਂ ਦੇ ਸਭ ਤੋਂ ਛੋਟੀ ਉਮਰ (19 ਸਾਲ) ਦੇ ਮਹਾਨ ਸ਼ਹੀਦ ਸਨ। ਉਹਨਾਂ ਦੇ ਨਾਲ ਸ਼ਹੀਦ ਕੀਤੇ ਗਏ ਦੂਸਰੇ ਛੇ ਗ਼ਦਰੀਆਂ ਅਤੇ ਸਰਾਭਾ ਵੱਲੋਂ ਦੇਸ਼ ਦੀ ਆਜ਼ਾਦੀ ਲਈ ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਸੋਸਾਇਟੀ ਦੇ ਪ੍ਰਧਾਨ ਗੁਰਬਖ਼ਸ਼ ਸਿੰਘ ਸਿੱਧੂ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਮੁਗਲ ਸ਼ਾਸਕਾਂ ਵੱਲੋਂ ਕੀਤੇ ਜਾ ਰਹੇ ਜ਼ੁਲਮ ਅਤੇ ਜਬਰੀ ਧਰਮ ਪਰਿਵਰਤਨ ਦੇ ਵਿਰੋਧ ਵਿੱਚ ਆਪਣੇ ਸਾਥੀਆਂ ਸਮੇਤ ਮਨੁੱਖੀ ਹੱਕਾਂ ਦੀ ਰਾਖੀ ਲਈ ਸ਼ਹਾਦਤ ਦਿੱਤੀ। ਇਹ ਸ਼ਹਾਦਤ ਸਿੱਖੀ ਦਾ ਨਹੀਂ, ਬਲਕਿ ਮਨੁੱਖਤਾ ਦਾ ਸਭ ਤੋਂ ਵੱਡਾ ਬਲਿਦਾਨ ਹੈ। ਸਾਨੂੰ ਉਹਨਾਂ ਦੀ ਸੋਚ ‘ਤੇ ਤੁਰ ਕੇ ਜ਼ੁਲਮ-ਰਹਿਤ ਅਤੇ ਸਮਾਨਤਾ-ਅਧਾਰਿਤ ਸਮਾਜ ਦਾ ਨਿਰਮਾਣ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

ਉਹਨਾਂ ਗ਼ਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਹਨਾਂ ਦੇ ਨਾਲ 16 ਨਵੰਬਰ 1915 ਨੂੰ ਲਾਹੌਰ ਵਿੱਚ ਫਾਂਸੀ ਚੜ੍ਹੇ ਉਹਨਾਂ ਦੇ ਸਾਥੀ ਜਗਤ ਸਿੰਘ ਸੁਰਸਿੰਘ (ਅੰਮ੍ਰਿਤਸਰ), ਹਰਨਾਮ ਸਿੰਘ ਸਿਆਲਕੋਟੀ, ਵਿਸ਼ਨੂੰ ਗਣੇਸ਼ ਪਿੰਗਲੇ (ਪੂਨਾ), ਬਖਸ਼ੀਸ਼ ਸਿੰਘ, ਸੁਰੈਣ ਸਿੰਘ ਵੱਡਾ, ਸੁਰੈਣ ਸਿੰਘ ਛੋਟਾ (ਤਿੰਨੇ ਗਿੱਲਵਾਲੀ-ਅੰਮ੍ਰਿਤਸਰ) ਬਾਰੇ ਦਿਲ ਹਿਲੂਣਵੀ ਜਾਣਕਾਰੀ ਦਿੱਤੀ। ਬਾਬਾ ਸੋਹਣ ਸਿੰਘ ਭਕਨਾ ਦੇ ਸ਼ਬਦਾਂ ਦਾ ਹਵਾਲਾ ਦਿੰਦਿਆਂ ਉਹਨਾਂ ਕਿਹਾ ਕਿ ਇੰਨੀ ਛੋਟੀ ਉਮਰ ਵਿੱਚ ਕਰਤਾਰ ਸਿੰਘ ਸਰਾਭਾ ਵਰਗਾ ਜਰਨੈਲ ਇਤਿਹਾਸ ਵਿੱਚ ਦੂਜਾ ਹੋਰ ਕੋਈ ਨਹੀਂ ਮਿਲਦਾ। ਅੰਤ ਵਿੱਚ ਉਹਨਾਂ ਸਮਾਗਮ ਵਿਚ ਸ਼ਾਮਲ ਹੋਏ ਸਭਨਾਂ ਮਹਿਮਾਨਾਂ ਦਾ ਧੰਨਵਾਦ ਕੀਤਾ।

ਸਮਾਗਮ ਦੌਰਾਨ ਕੁਲਦੀਪ ਸਿੰਘ ਜਗਪਾਲ, ਗੁਰਮੀਤ ਸਿੰਘ ਕਾਲਕਟ, ਕੁਲਦੀਪ ਸਿੰਘ ਧਾਲੀਵਾਲ, ਗੁਰਮੀਤ ਸਿੰਘ ਬਰਮੀ, ਗੁਰਪਿਆਰ ਸਿੰਘ ਅਤੇ ਗੁਰਨਾਮ ਸਿੰਘ ਖੰਗੂੜਾ ਨੇ ਸ਼ਹੀਦਾਂ ਨੂੰ ਸਮਰਪਿਤ ਕਵਿਤਾਵਾਂ ਪੇਸ਼ ਕੀਤੀਆਂ ਅਤੇ ਦੇਸ਼ ਭਗਤੀ ਦੇ ਗੀਤ ਗਾਏ।

## ਪੰਜਾਬੀ ਲੇਖਕ ਮੰਚ ਰਜਿ ਫਰੀਦਕੋਟ ਵੱਲੋਂ ਸਲਾਨਾਂ ਸਮਾਗਮ 7 ਦਸੰਬਰ ਨੂੰ।

### ਪ੍ਰਸਿੱਧ ਸਾਹਿਤਕਾਰ ਬਿਸਮਿਲ ਫਰੀਦਕੋਟੀ ਐਵਾਰਡ ਪ੍ਰਸਿੱਧ ਸਾਹਿਤਕਾਰ ਉਸਤਾਦ ਗ਼ਜ਼ਲਗੋ ਸੁਲੱਖਣ ਸਰਹੱਦੀ ਨੂੰ।

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ




ਫਰੀਦਕੋਟ 24 ਨਵੰਬਰ: ਪੰਜਾਬੀ ਲੇਖਕ ਮੰਚ ਵੱਲੋਂ ਪੰਜਵਾਂ ਸਲਾਨਾ ਸਾਹਿਤਕ ਸਮਾਗਮ 7 ਦਸੰਬਰ 2025 ਨੂੰ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਵਿਖੇ ਕਰਵਾਇਆ ਜਾ ਰਿਹਾ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਮਨਜਿੰਦਰ ਗੋਲ੍ਹੀ ਅਤੇ ਜਨਰਲ ਸਕੱਤਰ ਧਰਮ ਪ੍ਰਵਾਨਾ ਨੇ ਸਾਂਝੇ ਤੌਰ ਤੇ ਦੱਸਿਆ ਕਿ ਪ੍ਰਸਿੱਧ ਲੋਕ ਕਵੀ ਬਿਸਮਿਲ ਫਰੀਦਕੋਟੀ ਐਵਾਰਡ 2025 ਇਸ ਵਾਰ ਪ੍ਰਸਿੱਧ ਸ਼ਾਇਰ ਪੰਜਾਬੀ ਸਾਹਿਤ ਜਗਤ ਦੀ ਮਹਿਕ ਉਸਤਾਦ ਗ਼ਜ਼ਲਗੋ ਸੁਲੱਖਣ ਸਰਹੱਦੀ ਨੂੰ ਦਿੱਤਾ ਜਾਵੇਗਾ ਅਤੇ ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਗ਼ਜ਼ਲਗੋ ਵਿਜੇ ਵਿਵੇਕ ਕਰਨਗੇ ਅਤੇ ਮੁੱਖ ਮਹਿਮਾਨ ਸ. ਗੁਰਮੀਤ ਸਿੰਘ ਬਰਾੜ ਰਿਟਾ. ਐਮ ਡੀ ਪੰਜਾਬ ਲੈਂਡ ਮਾਰਗ ਬੈਂਕ ਹੋਣਗੇ । ਵਿਸ਼ੇਸ਼ ਮਹਿਮਾਨਾਂ ਵਿੱਚ ਸ੍ਰ ਸਰਬਜੀਤ ਸਿੰਘ ਵੀਡੀਓ ਰਣਧੀਰ ਧੀਰ ਐਡਵੋਕੇਟ ,ਸ੍ਰੀ ਪਵਨ ਸ਼ਰਮਾ ਹਰੀ ਨੌ ਹੋਣਗੇ। ਇਸ ਸਮੇਂ ਚੋਣਵੇ ਕਵੀਆਂ ਦਾ ਵਿਸ਼ਾਲ ਕਵੀਆ ਦਰਬਾਰ ਵੀ ਕਰਵਾਇਆ ਜਾਵੇਗਾ।

# ਸਲੋਕ ਮਹਲਾ ੯




ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਗੁਰੂ ਤੇਗ ਬਹਾਦਰ ਸਾਹਿਬ ਜੀ
ਦੇ ਇਹ ਸਲੋਕ ਹਨ।
ਗੁਨ ਗੋਬਿੰਦ ਗਾਇਓ ਨਹੀ
ਜਨਮੁ ਅਕਾਰਥ ਕੀਨੁ।।
ਜੇ ਤੂੰ ਪਰਮਾਤਮਾ ਦੇ ਗੁਣ ਕਦੇ ਨਹੀਂ ਗਾਏ ਤਾਂ ਤੂੰ ਆਪਣਾ ਮਨੁੱਖਾ ਜਨਮ ਵਿਅਰਥ ਗਵਾ ਲਿਆ ਹੈ।।
ਕਹੁ ਨਾਨਕ ਹਰਿ ਭਜੁ ਮਨਾ
ਜਿਸ ਬਿਧਿ ਜਲ ਕਉ ਮੀਨ।।
ਗੁਰੂ ਸਾਹਿਬ ਫੁਰਮਾਉਂਦੇ ਹਨ ਹੇ ਮਨ ਪਰਮਾਤਮਾ ਦਾ ਭਜਨ ਕਰਿਆ ਕਰ ਤੇ ਉਸ ਨੂੰ ਇਉਂ ਜ਼ਿੰਦਗੀ ਦਾ ਆਸਰਾ ਬਣਾ । ਜਿਵੇਂ ਪਾਣੀ ਨੂੰ ਮੱਛੀ ਆਪਣੀ ਜਿੰਦ ਦਾ ਆਸਰਾ ਬਣਾਈ ਰੱਖਦੀ ਹੈ।।
ਬਿਖਿਅਨ ਸਿਉ ਕਾਹੇ ਰਚਿਓ
ਨਿਮਖ ਨ ਹੋਹਿ ਉਦਾਸੁ।।
ਤੂੰ ਵਿਸ਼ਿਆਂ ਨਾਲ ਕਿਉਂ ਇਤਨਾ ਮਸਤ ਰਹਿੰਦਾ ਹੈ। ਤੂੰ ਅੱਖ ਝਮਕਣ ਜਿਤਨੇ ਸਮੇਂ ਲਈ ਵੀ ਵਿਸ਼ਿਆਂ ਤੋਂ ਚਿੱਤ ਨਹੀਂ ਹਟਾਉਂਦਾ।
ਕਹੁ ਨਾਨਕ ਭਜੁ ਹਰਿ ਮਨਾਂ
ਪਰੈ ਨ ਜਮ ਕੀ ਫਾਸ।।
ਗੁਰੂ ਤੇਗ ਬਹਾਦਰ ਜੀ ਫੁਰਮਾਉਂਦੇ ਹਨ ਹੇ ਮਨ ਪਰਮਾਤਮਾ ਦਾ ਭਜਨ ਕਰਿਆ ਕਰ ਭਜਨ ਦੀ ਬਰਕਤਿ ਨਾਲ ਜਮਾਂ ਦੀ ਫਾਹੀ ਗੱਲ ਵਿਚ ਨਹੀਂ ਪੈਂਦੀ।।
ਤਰਨਾਪੋ ਇਕ ਹੀ ਗਇਓ ਲੀਓ ਜਰਾ ਤਨੁ ਜੀਤਿਆ।।
ਤੇਰੀ ਜਵਾਨੀ ਬੇ ਪਰਵਾਹੀ ਵਿਚ ਹੀ ਲੰਘ ਗਈ ਹੁਣ ਬੁਢਾਪੇ ਨੇ ਤੇਰੇ ਸਰੀਰ ਨੂੰ ਜਿੱਤ ਲਿਆ ਹੈ।
ਕਹੁ ਨਾਨਕ ਭਜੁ ਹਰਿ ਮਨਾਂ ਅਉਧ ਧਾਤੁ ਹੈ ਭੀਤਿ।।
ਗੁਰੂ ਸਾਹਿਬ ਫੁਰਮਾਉਂਦੇ ਹਨ ਹੇ ਮਨ ਤੂੰ ਭਜਨ ਕਰਿਆ ਕਰ।
ਉਮਰ ਲੰਘਦੀ ਜਾ ਰਹੀ ਹੈ
ਬਿਰਧਿ ਭਇਓ ਸੂਝੈ ਨਹੀ ਹਾਲੁ
ਪਹੂਚਿਓ ਆਨਿ।।
ਵੇਖ ਤੂੰ ਹੁਣ ਬੁੱਢਾ ਹੋ ਗਿਆ ਹੈ ਪਰ ਤੈਨੂੰ ਅਜੇ ਵੀ ਇਹ ਸਮਝ ਨਹੀਂ ਆ ਰਹੀ ਕਿ ਮੌਤ ਸਿਰ ਤੇ ਆ ਪਹੁੰਚੀ ਹੈ।
ਕਹੁ ਨਾਨਕ ਨਰ ਬਾਵਰੇ ਕਿਉਂ ਨ ਭਜੈ ਭਗਵਾਨੁ।।
ਗੁਰੂ ਜੀ ਆਖਦੇ ਹਨ ਹੇ ਝੱਲੇ ਮਨੁੱਖ ਤੂੰ ਕਿਉਂ ਪਰਮਾਤਮਾ ਦਾ ਭਜਨ ਨਹੀਂ ਕਰਦਾ।।
ਧਨੁ ਦਾਰਾ ਸੰਪਤਿ ਸਗਲ ਜਿਨਿ ਆਪੁਨੀ ਕਰਿ ਮਾਨੁ।।
ਹੇ ਭਾਈ ਧਨ ਇਸਤਰੀ ਸਾਰੀ ਜਾਇਦਾਦ ਜਿਸ ਨੂੰ ਤੂੰ ਆਪਣੀ ਕਰਕੇ ਮੰਨਿਆ ਹੈ।
ਇਨ ਮੈਂ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ।।
ਹੇ ਨਾਨਕ ਇਹ ਗੱਲ ਸੱਚੀ ਸਮਝ ਕਿ ਇਹਨਾਂ ਸਾਰਿਆਂ ਵਿਚੋਂ ਕੋਈ ਇਕ ਵੀ ਤੇਰਾ ਸਾਥੀ ਨਹੀਂ ਬਣ ਸਕਦਾ।
ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ।।
ਪ੍ਰਭੂ ਜੀ ਵਿਕਾਰੀਆਂ ਨੂੰ ਵਿਕਾਰਾਂ ਤੋਂ ਬਚਾਣ ਵਾਲੇ ਹਨ। ਸਾਰੇ ਡਰ ਦੂਰ ਕਰਨ ਵਾਲੇ ਹਨ ਅਤੇ ਨਿਖਸਮਿਆਂ ਦੇ ਖਸਮ ਹਨ।
ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ।।
ਗੁਰੂ ਜੀ ਫੁਰਮਾਉਂਦੇ ਹਨ ਉਸ ਪ੍ਰਭੂ ਨੂੰ ਇਉਂ ਸਮਝਣਾ ਚਾਹੀਦਾ ਹੈ ਕਿ ਉਹ ਸਦਾ ਤੇਰੇ ਨਾਲ ਵੱਸਦਾ ਹੈ।
ਤਨੁ ਧਨੁ ਜਿਹ ਤੋਂ ਕਉ ਦੀਓ ਤਾਂ ਸਿਉ ਨੇਹੁੰ ਨ ਕੀਨ।।
ਜਿਸ ਪਰਮਾਤਮਾ ਨੇ ਤੈਨੂੰ ਸਰੀਰ ਦਿੱਤਾ ਧਨ ਦਿੱਤਾ ਤੂੰ ਉਸ ਨਾਲ ਪਿਆਰ ਨਹੀਂ ਪਾਇਆ।
ਕਹੁ ਨਾਨਕ ਪਰ ਬਾਵਰੇ ਅਬ ਕਿਉ ਰੋਵਤ ਦੀਨ।।
ਗੁਰੂ ਤੇਗ ਬਹਾਦਰ ਸਾਹਿਬ ਜੀ ਆਖਦੇ ਹਨ।ਹੇ ਝੱਲੇ ਮਨੁੱਖ ਹੁਣ ਆਤੁਰ ਹੋ ਕੇ ਪ੍ਰਮਾਤਮਾ ਦੇ ਨਾਮ ਤੋਂ ਬਿਨ੍ਹਾਂ ਘਬਰਾਇਆ ਕਿਉਂ ਫਿਰਦਾ ਹੈ।।
ਤਨ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ।।
ਜਿਸ ਪਰਮਾਤਮਾ ਨੇ ਸਰੀਰ ਦਿੱਤਾ ਧਨ ਦਿੱਤਾ, ਜਾਇਦਾਦ ਦਿੱਤੀ ਸੁੱਖ ਦਿੱਤਾ ਅਤੇ ਸੋਹਣੇ ਘਰ ਦਿੱਤੇ।।
ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ।।
ਗੁਰੂ ਸਾਹਿਬ ਫੁਰਮਾਉਂਦੇ ਹਨ ਹੇ ਮਨ ਸੁਣ ਉਸ ਪਰਮਾਤਮਾ ਦਾ ਸਿਮਰਨ ਕਿਉਂ ਨਹੀਂ ਕਰਦਾ।
ਸਭ ਸੁਖ ਦਾਤਾ ਰਾਮੁ ਹੈ ਦੂਸਰੇ ਨਾਹਿਨ ਕੋਈ।।
ਪਰਮਾਤਮਾ ਹੀ ਸਾਰੇ ਸੁਖ ਦੇਣ ਵਾਲਾ ਹੈ ਉਸ ਦੇ ਬਰਾਬਰ ਦਾ ਹੋਰ ਕੋਈ ਦੂਜਾ ਨਹੀਂ ਹੈ।
ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ।।
ਗੁਰੂ ਤੇਗ ਬਹਾਦਰ ਸਾਹਿਬ ਜੀ ਫੁਰਮਾਉਂਦੇ ਹਨ ਹੇ ਮਨ ਉਸ ਦਾ ਸਿਮਰਨ ਨਾਮ ਸਿਮਰਿਆ ਉੱਚੀ ਅਵਸਥਾ ਆਤਮਕ ਪ੍ਰਾਪਤ ਹੁੰਦੀ ਹੈ।
ਜਿਸ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ।।
ਪਰਮਾਤਮਾ ਦਾ ਭਜਨ ਕਰਿਆ ਕਰ ਜਿਸ ਦਾ ਨਾਮ ਸਿਮਰਦਿਆ ਉੱਚੀ ਅਵਸਥਾ ਪ੍ਰਾਪਤ ਹੁੰਦੀ ਹੈ।
ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ।।
ਗੁਰੂ ਤੇਗ ਬਹਾਦਰ ਜੀ ਆਖਦੇ ਹਨ ਹੇ ਮਨ ਸੁਣ ਉਮਰ ਸਦਾ ਘਟਦੀ ਜਾ ਰਹੀ ਹੈ ਪਰਮਾਤਮਾ ਦਾ ਸਿਮਰਨ ਕਰਿਆ ਕਰ।
ਪਾਂਚ ਤਤ਼ਤ ਹੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ।।
ਹੇ ਚਤੁਰ ਮਨੁੱਖ ਹੇ ਸਿਆਣੇ ਮਨੁੱਖ ਤੂੰ ਜਾਣਦਾ ਹੈ ਕਿ ਤੇਰਾ ਇਹ ਸਰੀਰ ਪਰਮਾਤਮਾ ਨੇ ਪੰਜ ਤੱਤਾਂ ਤੋਂ ਬਣਾਇਆ ਹੈ।
ਜਿਸ ਤੇ ਉਪਜਿਆ ਨਾਨਕਾ ਲੀਨ ਤਾਹਿ ਮੈਂ ਮਾਨੁ।।
ਹੇ ਨਾਨਕ ਇਹ ਵੀ ਯਕੀਨ ਜਾਣ ਕਿ ਜਿਨ੍ਹਾਂ ਤੱਤਾਂ ਤੋਂ ਇਹ ਸਰੀਰ ਬਣਿਆ ਹੈ ਮੁੜ ਉਹਨਾਂ ਵਿਚ ਹੀ ਲੀਨ ਹੋ ਜਾਏਗਾ ਫਿਰ ਇਸ ਸਰੀਰ ਦੇ ਝੂਠੇ ਮੋਹ ਵਿਚ ਫਸ ਕੇ ਪ੍ਰਮਾਤਮਾ ਦਾ ਸਿਮਰਨ ਕਿਉਂ ਭੁਲਾ ਦਿੱਤਾ ਹੈ।
ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ।।
ਸੰਤਾ ਜਨਾਂ ਨੇ ਉੱਚੀ ਕੂਕ ਕੇ ਦੱਸ ਦਿੱਤਾ ਹੈ ਕਿ ਪਰਮਾਤਮਾ ਹਰੇਕ ਸਰੀਰ ਵਿਚ ਵੱਸ ਰਿਹਾ ਹੈ।
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ।।
ਗੁਰੂ ਤੇਗ ਬਹਾਦਰ ਜੀ ਫੁਰਮਾਉਂਦੇ ਹਨ ਹੇ ਮਨ ਉਸ ਪਰਮਾਤਮਾ ਦਾ ਭਜਨ ਕਰਿਆ ਕਰ ਭਜਨ ਦੀ ਬਰਕਤ ਨਾਲ ਤੂੰ ਸੰਸਾਰ ਸਮੁੰਦਰ ਤੋਂ ਤੂੰ ਪਾਰ ਲੰਘ ਜਾਵੇਗਾ।।
ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ।।
ਜਿਸ ਮਨੁੱਖ ਦੇ ਹਿਰਦੇ ਨੂੰ ਸੁਖ ਦੁਖ ਨਹੀਂ ਪੋਹ ਸਕਦਾ ਲੋਭ ਮੋਹ ਹੰਕਾਰ ਨਹੀਂ ਪੋਹ ਸਕਦਾ ਭਾਵ ਜਿਹੜਾ ਮਨੁੱਖ ਸੁਖ ਦੁਖ ਵੇਲੇ ਆਤਮਕ ਜੀਵਨ ਵਲੋਂ ਨਹੀਂ ਡੋਲਦਾ ਜਿਸ ਉਤੇ ਮੋਹ ਲੋਭ ਅਹੰਕਾਰ ਆਪਣਾ ਜ਼ੋਰ ਨਹੀਂ ਨਾ ਸਕਦਾ।
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ।।
ਗੁਰੂ ਜੀ ਆਖਦੇ ਹਨ ਹੇ ਮਨ ਸੁਣ ਉਸ ਮਨੁੱਖ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ।
ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ।।
ਜਿਸ ਮਨੁੱਖ ਦੇ ਮਨ ਨੂੰ ਉਸਤਤਿ ਨਹੀਂ ਡੁਲਾ ਸਕਦੀ ਨਿੰਦਿਆ ਨਹੀਂ ਡੁਲਾ ਸਕਦੀ ਜਿਸ ਨੂੰ। ਸੋਨਾ ਅਤੇ ਲੋਕਾਂ ਇਕੋ ਜਿਹੇ ਦਿੱਸਦੇ ਹਨ ਭਾਵ ਜੋ ਲਾਲਚ ਵਿਚ ਨਹੀਂ ਫਸਦਾ।
ਕਹੁ ਨਾਨਕ ਸੁਨੁ ਰੇ ਮਨਾ ਮੁਕਤਿ ਤਾਹਿ ਤੈ ਜਾਨਿ।।
ਗੁਰੂ ਜੀ ਫੁਰਮਾਉਂਦੇ ਹਨ ਹੇ ਮਨ ਸੁਣ ਇਹ ਗੱਲ ਪੱਕੀ ਜਾਣ ਕਿ ਉਸ ਨੂੰ ਮਾਇਆ ਦੇ ਮੋਹ ਤੋਂ ਛੁਟਕਾਰਾ ਮਿਲ ਚੁੱਕਾ ਹੈ।
ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ।।
ਜਿਸ ਮਨੁੱਖ ਦੇ ਹਿਰਦੇ ਵਿੱਚ ਖੁਸ਼ੀ ਗਮੀ ਆਪਣਾ ਜ਼ੋਰ ਨਹੀ ਪਾ ਸਕਦੀ ਜ ਸ ਨੂੰ ਵੈਰੀ ਤੇ ਮਿੱਤਰ ਵੀ ਜਾਪਦੇ ਹਨ।
ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।।
ਜਿਹੜਾ ਮਨੁੱਖ ਕਿਸੇ ਨੂੰ ਕੋਈ ਡਰਾਵੇ ਨਹੀਂ ਦੇਂਦਾ ਅਤੇ ਕਿਸੇ ਦੇ ਡਰਾਵੇ ਨਹੀਂ ਮੰਨਦਾ ਡਰਾਵਿਆਂ ਤੋਂ ਘਬਰਾਂਦਾ ਨਹੀਂ।
ਕਹੁ ਨਾਨਕ ਸੁਨੁ ਰੇ ਮਨਾ ਗਿਆਨੀ ਤਾਹਿ ਬਖਾਨਿ।।
ਗੁਰੂ ਸਾਹਿਬ ਫੁਰਮਾਉਂਦੇ ਹਨ ਹੇ ਮਨ ਸੁਣ ਉਸ ਨੂੰ ਆਤਮਕ ਜੀਵਨ ਦੀ ਸੂਝ ਵਾਲਾ ਸਮਝ।।
ਜਿਹਿ ਬਿਖਿਆ ਸ਼ੈਲੀ ਤਜੀ ਲੀਓ ਭੇਖ ਬੈਰਾਗ।।
ਜਿਸ ਮਨੁੱਖ ਨੇ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਨਿੰਦਾ ਈਰਖਾ ਆਦਿਕ ਅਨੇਕਾਂ ਰੂਪਾਂ ਵਾਲੀ ਸਾਰੀ ਹੀ ਸਉਰੀ ਮਾਇਆ ਤਿਆਗ ਦਿੱਤੀ ਉਸ ਨੇ ਹੀ ਵੈਰਾਗ ਦਾ ਸਹੀ ਭੇਖ ਧਾਰਨ ਕੀਤਾ ਸਮਝੋ।
ਕਹੁ ਨਾਨਕ ਸੁਨੁ ਰੇ ਮਨਾ ਤਿਹ ਪਰ ਮਾਥੈ ਭਾਗੁ।।
ਗੁਰੂ ਤੇਗ ਬਹਾਦਰ ਜੀ ਫੁਰਮਾਉਂਦੇ ਹਨ ਹੇ ਮਨ ਸੁਣ ਉਸ ਮਨੁੱਖ ਦੇ ਮੱਥੇ ਉਤੇ ਚੰਗਾ ਭਾਗ ਜਾਗਿਆ ਸਮਝ।
ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ।।
ਜਿਸ ਮਨੁੱਖ ਨੇ ਮਾਇਆ ਦਾ ਮੋਹ ਛੱਡ ਦਿੱਤਾ ਜਿਹੜਾ ਮਨੁੱਖ ਮਾਇਆ ਦੇ ਕਾਮਾਦਿਕ ਸਾਰੇ ਵਿਕਾਰਾਂ ਵਲੋਂ ਉਪਰਾਮ ਹੋ ਗਿਆ
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ।।
ਗੁਰੂ ਸਾਹਿਬ ਫੁਰਮਾਉਂਦੇ ਹਨ ਹੇ ਮਨ ਸੁਣ ਉਸ ਦੇ ਹਿਰਦੇ ਵਿੱਚ ਪ੍ਰਤੱਖ ਤੌਰ ਤੇ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ।
ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ।।
ਜਿਸ ਮਨੁੱਖ ਨੇ ਕਰਤਾਰ ਸਿਰਜਨਹਾਰ ਨਾਲ ਡੂੰਘੀ ਸਾਂਝ ਪਾਈ ਕੇ ਆਪਣੇ ਅੰਦਰੋਂ ਹਉਮੈ ਤਿਆਗ ਦਿੱਤੀ।
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ।।
ਗੁਰੂ ਤੇਗ ਬਹਾਦਰ ਜੀ ਆਖਦੇ ਹਨ ਹੇ ਮਨ ਇਹ ਗੱਲ ਸੱਚੀ ਸਮਝ ਕਿ ਉਹ ਮਨੁੱਖ ਹੀ ਮੁਕਤ ਹੈ।
ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ।।
ਇਸ ਕਲੇਸ਼ਾਂ ਭਰੇ ਸੰਸਾਰ ਵਿਚ ਪਰਮਾਤਮਾ ਦਾ ਨਾਮ ਹੀ ਸਾਡੇ ਡਰ ਨਾਸ ਕਰਨ ਵਾਲਾ ਹੈ ਖੋਟੀ ਮੱਤ ਦੂਰ ਕਰਨ ਵਾਲਾ ਹੈ।
ਨਿਸਿ ਦਿਨੁ ਜੋ ਨਾਨਕ ਭਜਹੁ ਕਰਨ ਸੁੰਨਹੁ ਹਰਿ ਨਾਮੁ।।
ਹੇ ਨਾਨਕ ਜਿਹੜਾ ਰਾਤ ਦਿਨ ਪ੍ਰਭੂ ਦਾ ਨਾਮ ਜਪਦਾ ਹੈ ਉਸ ਦੇ ਸਾਰੇ ਕੰਮ ਨੇਪਰੇ ਚੜ੍ਹ ਜਾਂਦੇ ਹਨ।
ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁੰਨਹੁ ਹਰਿ ਨਾਮੁ।

ਆਪਣੀ ਜੀਭ ਤੋਂ ਪਰਮਾਤਮਾ ਦਾ ਨਾਮ ਗੁਣਾਂ ਦਾ ਜਾਪ ਕਰਦਿਆਂ ਕਰ ਆਪਣੇ ਕੰਨਾਂ ਨਾਲ ਪਰਮਾਤਮਾ ਦਾ ਨਾਮ ਸੁਣਿਆ ਕਰ।
ਕਹੁ ਨਾਨਕ ਸੁਨੁ ਰੇ ਮਨਾ ਪਰਹਿ ਨ ਜਮ ਕੈ ਨਾਮ।।
ਗੁਰੂ ਤੇਗ ਬਹਾਦਰ ਸਾਹਿਬ ਜੀ ਆਖਦੇ ਹਨ ਹੇ ਮਨ ਜਿਹੜੇ ਮਨੁੱਖ ਨਾਮ ਜਪਦੇ ਹਨ ਉਹ ਜਮਾਂ ਦੇ ਵੱਸ ਨਹੀਂ ਪੈਂਦੇ।
ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ।।
ਜਿਹੜਾ ਮਨੁੱਖ ਆਪਣੇ ਅੰਦਰੋਂ ਮਾਇਆ ਦੀ ਮਮਤਾ ਤਾਆਗਦਾ ਹੈ ਲੋਭ ਮੋਹ ਅਹੰਕਾਰ ਦੂਰ ਕਰਦਾ ਹੈ।
ਕਹੁ ਨਾਨਕ ਆਪਨ ਤਰੈ ਅਉਰਨ ਰੇਤ ਉਧਾਰ।।
ਗੁਰੂ ਜੀ ਫੁਰਮਾਉਂਦੇ ਹਨ ਉਹ ਆਪ ਵੀ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।ਅਤੇ ਹੋਰਨਾਂ ਨੂੰ ਵੀ ਵਿਕਾਰਾਂ ਤੋਂ ਬਚਾ ਲੈਂਦਾ ਹੈ।
ਜਿਉਂ ਸੁਪਨਾ ਅਰੁ ਫੇਕਨਾ ਐਸੇ ਜਗ ਕਉ ਜਾਨਿ।।
ਜਿਵੇਂ ਸੁਤਿਆਂ ਪਿਆ ਸੁਪਨਾ ਆਉਂਦਾ ਹੈ।ਅਤੇ ਉਸ ਸੁਪਨੇ ਵਿਚ ਕੋਈ ਪਦਾਰਥ ਵੇਖੀਦੇ ਹਨ ਤਿਵੇਂ ਇਸ ਜਗਤ ਨੂੰ ਸਮਝ ਲੈ।
ਇਨ ਮੈਂ ਕਛੁ ਸਾਚੋ ਨਹੀਂ ਨਾਨਕ ਬਿਨੁ ਭਗਵਾਨੁ।।
ਹੇ ਨਾਨਕ ਪਰਮਾਤਮਾ ਦੇ ਨਾਮ ਤੋਂ ਬਿਨਾਂ ਜਗਤ ਵਿਚ ਦਿੱਸ ਰਹੇ ਇਹਨਾਂ ਪਦਾਰਥਾਂ ਵਿਚ ਕੋਈ ਵੀ ਪਦਾਰਥ ਸਦਾ ਸਾਥ ਨਿਭਾਉਣ ਵਾਲਾ ਨਹੀਂ ਹੈ।
ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ।।
ਹੇ ਭਾਈ ਮਾਇਆ ਇਕੱਠੀ ਕਰਨ ਦੀ ਖ਼ਾਤਰ ਮਨੁੱਖ ਸਦਾ ਰਾਤ ਦਿਨ ਭਟਕਦਾ ਫਿਰਦਾ ਹੈ।
ਕੋਟਨ ਮੈਂ ਨਾਨਕ ਕੋਊ ਨਾਰਾਇਨੁ ਜਿਸ ਚੀਤਿ।।
ਹੇ ਨਾਨਕ ਕਰੋੜਾਂ ਬੰਦਿਆਂ ਵਿਚ ਕੋਈ ਵਿਰਲਾ ਅਜਿਹਾ ਹੁੰਦਾ ਹੈ ਜਿਸ ਦੇ ਮਨ ਵਿਚ ਪਰਮਾਤਮਾ ਦੀ ਯਾਦ ਟਿਕੀ ਹੁੰਦੀ ਹੈ।
ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ।।
ਜਿਵੇਂ ਪਾਣੀ ਤੋਂ ਬੁਲਬੁਲਾ ਸਦਾ ਪੈਦਾ ਹੁੰਦਾ ਹੈ ਅਤੇ ਨਾਸ ਹੁੰਦਾ ਰਹਿੰਦਾ ਹੈ।
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤਾ।।
ਗੁਰੂ ਤੇਗ ਬਹਾਦਰ ਸਾਹਿਬ ਜੀ ਫੁਰਮਾਉਂਦੇ ਹਨ ਹੇ ਮਿੱਤਰ ਸੁਣ ਤਿਵੇਂ ਹੀ ਪਰਮਾਤਮਾ ਨੇ ਜਗਤ ਦੀ ਇਹ ਖੇਡ ਬਣਾਈ ਹੋਈ ਹੈ।
ਪ੍ਰਨੀਤ ਕਛੁ ਨ ਚੇਤਇ,ਹੈ ਮਦਿ ਮਾਇਆ ਕੇ ਅੰਧ।।
ਪਰ ਮਾਇਆ ਦੇ ਨਸ਼ੇ ਵਿਚ ਆਤਮਕ ਜੀਵਨ ਵਲੋਂ ਅੰਨ੍ਹਾ ਹੋਇਆ ਮਨੁੱਖ ਆਤਮਕ ਜੀਵਨ ਬਾਰੇ ਕੁਝ ਵੀ ਨਹੀਂ ਸੋਚਦਾ।
ਕਹੁ ਨਾਨਕ ਬਿਨੁ ਹਰਿ ਭਜਨ ਪਰਥ ਤਾਹਿ ਸਮੈ ਬੰਦ।।
ਗੁਰੂ ਜੀ ਫੁਰਮਾਉਂਦੇ ਹਨ ਪਰਮਾਤਮਾ ਦੇ ਭਜਨ ਤੋਂ ਬਿਨਾਂ ਅਜਿਹੇ ਮਨੁੱਖ ਨੂੰ ਜਮਾਂ ਦੀਆਂ ਬਾਹੀਆਂ ਪਏ,ਹਾਂ ਰਹਿੰਦੀਆਂ ਹਨ।
ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ।।
ਹੇ ਮਨੁੱਖ ਆਤਮਕ ਅਨੰਦ ਹਾਸਲ ਕਰਨਾ ਚਾਹੁੰਦਾ ਹੈ ਤਾਂ ਉਸ ਪਰਮਾਤਮਾ ਦੀ ਸਰਨ ਪਿਆ ਕਰ।
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ।।
ਗੁਰੂ ਸਾਹਿਬ ਫੁਰਮਾਉਂਦੇ ਹਨ ਹੇ ਮਨ ਇਹ ਮਨੁੱਖਾ ਸਰੀਰ ਬੜੀ ਮੁਸ਼ਕਲ ਨਾਲ ਮਿਲਦਾ ਹੈ ਇਸ ਨੂੰ ਮਾਇਆ ਦੀ ਖਾਤਰ ਭਟਕਣਾ ਵਿਚ ਹੀ ਨਹੀਂ ਰੋਲ ਦੇਣਾ ਚਾਹੀਦਾ।
ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ।।
ਮੂਰਖ ਬੇ ਸਮਝ ਬੰਦੇ ਨਿਰੀ ਮਾਇਆ ਇਕੱਠੀ ਕਰਨ ਵਾਸਤੇ ਭਟਕਦੇ ਰਹਿੰਦੇ ਹਨ।
ਕਹੁ ਨਾਨਕ ਬਿਨੁ ਹਰਿ ਭੋਜਨੁ ਬਿਰਥਾ ਜਨਮੁ ਸਿਰਾਨ।।
ਗੁਰੂ ਤੇਗ ਬਹਾਦਰ ਜੀ ਆਖਦੇ ਹਨ ਪਰਮਾਤਮਾ ਦੇ ਭਜਨ ਤੋਂ ਬਿਨਾਂ ਉਹਨਾਂ ਦਾ ਇਹ ਮਨੁੱਖਾ ਜਨਮ ਅਜਾਈਂ ਬੀਤ ਜਾਂਦਾ ਹੈ।
ਜੋਂ ਪ੍ਰਾਨੀ ਨਿਹਿਤ ਦਿਨੁ ਭਜੈ ਰੂਪ ਰਾਮ ਤਿਹ ਜਾਨੁ।।
ਜਿਹੜਾ ਮਨੁੱਖ ਰਾਤ ਦਿਨ ਹਰ ਵੇਲੇ ਪਰਮਾਤਮਾ ਦਾ ਨਾਮ ਸਿਮਰਦਾ ਹੈ ਉਸ ਨੂੰ ਪ੍ਰਮਾਤਮਾ ਦਾ ਰੂਪ ਹੀ ਸਮਝੋ।
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ।।
ਹੇ ਨਾਨਕ ਇਹ ਗੱਲ ਸੱਚੀ ਮੰਨੋ ਕਿ ਪਰਮਾਤਮਾ ਦੇ ਭਗਤ ਅਤੇ ਪਰਮਾਤਮਾ ਵਿਚ ਕੋਈ ਫ਼ਰਕ ਨਹੀਂ ਹੈ।
ਮਨੁ ਮਾਇਆ ਮੈ ਫਧਿ ਰਹਿਓਂ ਬਿਸਰਿਓ ਗੋਬਿੰਦ ਨਾਮੁ।। ਜਿਸ ਮਨੁੱਖ ਦਾ ਮਨ ਹਰ ਵੇਲੇ ਮਾਇਆ ਦੇ ਮੋਹ ਵਿਚ ਫ਼ਸਿਆ ਰਹਿੰਦਾ ਹੈ ਜਿਸ ਨੂੰ ਪਰਮਾਤਮਾ ਦਾ ਨਾਮ ਸਦਾ ਭੁੱਲਾਂ ਰਹਿੰਦਾ ਹੈ
ਕਹੁ ਨਾਨਕ ਬਿਨੁ ਹਰਿ ਭਜਨ ਬਿਨੁ ਪਰਤ ਤਾਹਿ ਸਮੈ ਬੰਧ ।।
ਗੁਰੂ ਸਾਹਿਬ ਫੁਰਮਾਉਂਦੇ ਹਨ ਪਰਮਾਤਮਾ ਦੇ ਭਜਨ ਤੋਂ ਬਿਨਾਂ ਉਸ ਨੂੰ ਉਸ ਦੇ ਗਲ ਵਿਚ ਜਮਾਂ ਦੀਆਂ ਫਾਹੀਆ ਪਈਆਂ ਰਹਿੰਦੀਆਂ ਹਨ।
ਸੁਖ ਮੈ ਬਹੁ ਸੰਗੀ ਭਇ,ਏ ਦੁਖ ਮੈਂ ਸੰਗਿ ਨ ਕੋਈ।।
ਦੁਨੀਆਂ ਵਿਚ ਤਾਂ ਸੁਖ ਵੇਲੇ ਅਨੇਕਾਂ ਮੇਰੀ ਗੇਲੀ ਬਣ ਜਾਂਦੇ ਹਨ ਪਰ ਦੁੱਖ ਵਿਚ ਕੋਈ ਵੀ ਨਾਲ ਨਹੀਂ ਹੁੰਦਾ।
ਕਹੁ ਨਾਨਕ ਹਰਿ ਭਜਨ ਮਨਾ ਅੰਤਿ ਸਹਾਈ ਹੋਇ।।
ਗੁਰੂ ਸਾਹਿਬ ਆਖਦੇ ਹਨ ਹੇ ਮਨ ਪਰਮਾਤਮਾ ਦਾ ਭਜਨ ਕਰਿਆ ਕਰ। ਪਰਮਾਤਮਾ ਅੰਤ ਸਮੇਂ ਵੀ ਮਦਦਗਾਰ ਬਣਦਾ ਹੈ।
ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸ।।
ਪਰਮਾਤਮਾ ਦਾ ਸਿਮਰਨ ਭੁਲਾ ਕੇ ਜੀਵ ਅਨੇਕਾਂ ਜਨਮਾਂ ਵਿੱਚ ਭਟਕਦਾ ਫਿਰਦਾ ਹੈ ਜਮਾਂ ਦਾ ਡਰ ਇਸ ਦੇ ਅੰਦਰੋਂ ਮੁੱਕਦਾ ਨਹੀਂ।
ਕਹੁ ਨਾਨਕ ਹਰਿ ਭਜਹੁ ਮਨਾਂ ਨਿਰਭੈ ਪਾਵਹਿ ਬਾਸੁ।।
ਗੁਰੂ ਤੇਗ ਬਹਾਦਰ ਜੀ ਆਖਦੇ ਹਨ ਹੇ ਮਨ ਪਰਮਾਤਮਾ ਦਾ ਸਿਮਰਨ ਕਰਿਆ ਕਰੋ ਭਜਨ ਦੀ ਬਰਕਤ ਨਾਲ ਤੂੰ ਉਸ ਪ੍ਰਭੂ ਵਿਚ ਨਿਵਾਸ ਪ੍ਰਾਪਤ ਕਰ ਲਵੇਗਾ ਜਿਸ ਨੂੰ ਕੋਈ ਡਰ ਪੋਹ ਨਹੀਂ ਸਕਦਾ।।
ਜਤਨ ਬਹੁਤੁ ਮੈਂ ਕਰਿ ਰਹਿਓਂ ਮਿਟਿਓ ਨ ਮਨ ਕੋ ਮਾਨੁ।।
ਹੇ ਭਗਵਾਨ ਮੈਂ ਅਨੇਕਾਂ ਹੋਰ ਹੋਰ ਜਤਨ ਕਰ ਚੁੱਕਾ ਹਾਂ ਉਹਨਾਂ ਨਾਲ ਮਨ ਦਾ ਅਹੰਕਾਰ ਦੂਰ ਨਹੀਂ ਹੁੰਦਾ।
ਦੁਰਮਿਤ ਸਿਉ ਨਾਨਕ ਬਾਧਿਓ ਰਾਖਿ ਲੇਹੁ ਭਗਵਾਨ।।
ਗੁਰੂ ਸਾਹਿਬ ਆਖਦੇ ਹਨ ਇਹ ਮਨ ਖੋਟੀ ਮੱਤ ਨਾਲ ਚੰਬੜਿਆ ਰਹਿੰਦਾ ਹੈ।ਹੇ ਭਗਵਾਨ ਤੂੰ ਹੀ ਆਪ ਰਖਿਆ ਕਰ।
ਬਾਲ ਜੁਆਨੀ ਅਰੁ ਬਿਰਧਿ ਤੀਨਿ ਅਵਸਥਾ ਜਾਨਿ।।
ਬਾਲ ਜਵਾਨੀ ਅਤੇ ਬੁਢਾਪਾ ਦੀ ਅਵਸਥਾ ਇਹ ਤਿੰਨ ਹੀ ਹਨ ਇਹਨਾਂ ਦੀ ਅਵਸਥਾ ਸਮਝਣ ਦੀ ਲੋੜ ਹੈ। ਜੋਂ ਮਨੁੱਖ ਤੇ ਆਪਣੀ ਹੀ ਹੈ।
ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ।।
ਗੁਰੂ ਤੇਗ ਬਹਾਦਰ ਜੀ ਆਖਦੇ ਹਨ ਚੇਤੇ ਰੱਖ ਪਰਮਾਤਮਾ ਦੇ ਭਜਨ ਤੋਂ ਬਿਨਾਂ ਇਹ ਸਾਰੀਆਂ ਹੀ ਵਿਅਰਥ ਜਾਂਦੀਆਂ ਹਨ।

ਕਰਣੋ ਹੁਤੋ ਸੁ ਨਾਨਕੀਂ ਪਰਿਓ ਲੋਭ ਕੇ ਪੰਧ।।
ਮਾਇਆ ਦੇ ਮੋਹ ਵਿਚ ਅੰਨ੍ਹੇ ਹੋ ਰਹੇ ਹੇ ਮਨੁੱਖ ਜੋਂ ਕੁਝ ਤੂੰ ਕਰਨਾ ਸੀ ਉਹ ਤੂੰ ਨਹੀਂ ੍ਰਕੀਤਾ ਸਾਰੀ ਉਮਰ ਤੂੰ ਲੋਭ ਦੂ ਫਾਹੀ ਵਿਚ ਹੀ ਫਸਿਆ ਰਿਹਾ।
ਨਾਨਕ ਸਮਿਓ ਰਮਿ ਰਹਿਓਂ ਅਬ ਕਿਉ ਰੋਵਤ ਅੰਧ।
ਹੇ ਨਾਨਕ ਜ਼ਿੰਦਗੀ ਦਾ ਸਾਰਾ ਸਮਾਂ ਇਸ ਤਰ੍ਹਾਂ ਹੀ ਗੁਜ਼ਰ ਗਿਆ ਹੁਣ ਕਿਉਂ ਰੋਂਦਾ ਹੈ। ਹੁਣ ਪਛਤਾਉਣ ਦਾ ਕੀ ਲਾਭ ਹੈ।
ਨਾਨਕ ਮੂਰਤਿ ਚਿਤ੍ਰ ਜਿਉਂ ਸਾਬਿਤ ਪਹਿਨ ਭੀਤਿ।। ਹੇ ਨਾਨਕ ਜਿਵੇਂ ਕੰਧ ਉੱਤੇ ਕਿਸੇ ਮੂਰਤੀ ਨੂੰ ਉਲੀਕੀਆਂ ਹੋਇਆ ਰੂਪ ਰੂਪ ਕੰਧ ਨੂੰ ਨਹੀਂ ਛਢਦਾ ਕੰਧ ਨਾਲ ਚੰਬੜਿਆ ਰਹਿੰਦਾ ਹੈ।
ਪਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਇ,ਹੈ।।
ਮਾਇਆ ਦੇ ਚੱਕਰ ਵਿਚ ਮਨੁੱਖ ਭੁੱਲ ਕੇ ਹੋਰ ਦਾ ਹੋਰ ਮੰਗੀ ਜਾਂਦਾ ਹੈ ਪ੍ਰਭੂ ਦੇ ਸਿਮਰਨ ਦੀ ਥਾਂ ਮਾਇਆ ਮਾਇਆ ਹੀ ਭੋਗੀ ਜਾਂਦਾ ਹੈ ਪਰ ਉਸ ਕਰਤਾਰ ਦੀ ਰਜ਼ਾ ਵਿਚ ਕੁਝ ਹੋਰ ਹੀ ਹੋ ਜਾਂਦਾ ਹੈ।
ਚਿਤਵਤ ਰਹਿਓਂ ਠਗਉਰ ਨਾਨਕ ਫਾਂਸੀ ਗਲ ਪਰੀ।।
ਹੇ ਨਾਨਕ ਮਨੁੱਖ ਹੋਰਨਾਂ ਨੂੰ ਠੱਗਣ ਦੀ ਸੋਚਦਾ ਹੈ ਇਹ ਨਹੀਂ ਪਤਾ ਲੱਗਦਾ ਕਦੋਂ ਮੌਤ ਦੀ ਫਾਹੀ ਗੱਲੇ ਵਿਚ ਪੈ ਜਾਂਦੀ ਹੈ।
ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਈ।।
ਜੀਵ ਭਾਵੇਂ ਸੁਖਾਂ ਦੀ ਪ੍ਰਾਪਤੀ ਵਾਸਤੇ ਅਨੇਕਾਂ ਜਤਨ ਕਰਦਾ ਰਹਿੰਦਾ ਹੈ ਅਤੇ ਦੁਖਾਂ ਵਾਸਤੇ ਨਹੀਂ ਕਰਦਾ ਪਰ ਫਿਰ ਵੀ ਰਜ਼ਾ ਅਨੁਸਾਰ ਦੁਖ ਵੀ ਆ ਹੈ ਜਾਂਦੇ ਹਨ ਸੁਖ ਵੀ ਮਿਲਦਾ ਹੈ ਜਦੋਂ ਪ੍ਰਭੂ ਦੀ ਰਜ਼ਾ ਹੋਵੇ।
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ।।
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਖਦੇ ਹਨ ਹੇ ਮਨ ਜੋਂ ਕੁਝ ਪਰਮਾਤਮਾ ਨੂੰ ਚੰਗਾ ਲਗਦਾ ਹੈ ਉਹ ਹੀ ਹੁੰਦਾ ਹੈ।
ਜੇਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ।।
ਜਗਤ ਮੰਗਤਾ ਹੋ ਕੇ ਭਟਕਦਾ ਫਿਰਦਾ ਹੈ।ਇਹ ਚੇਤਾ ਰੱਖ ਨਹ ਰਖਦਾ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਪਰਮਾਤਮਾ ਆਪ ਹੀ ਹੈ।
ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ।।
ਗੁਰੂ ਸਾਹਿਬ ਫੁਰਮਾਉਂਦੇ ਹਨ ਹੇ ਮਨ ਉਸ ਦਾਤਾਰ ਪ੍ਰਭੂ ਦਾ ਸਿਮਰਨ ਕਰਦਾ ਰਿਹਾ ਕਰ ਤੇਰੇ ਸਾਰੇ ਕੰਮ ਸਫਲ ਹੁੰਦੇ ਰਹਿਣਗੇ।
ਝੂਠੇ ਮਾਨੁ ਕਹਾ ਕਰੈ ਜਗੁ ਸੁਪਨੇ ਜਿਉਂ ਜਾਨੁ।।
ਪਤਾ ਨਹੀਂ ਮਨੁੱਖ ਨਾਸਵੰਤ ਦੁਨੀਆਂ ਦਾ ਮਾਨ ਕਿਉਂ ਕਰਦਾ ਰਹਿੰਦਾ ਹੈ। ਜਗਤ ਨੂੰ ਸੁਪਨੇ। ਵਿਚ ਵੇਖੇ ਪਦਾਰਥਾਂ ਵਾਂਗ ਹੀ ਸਮਝ ਰੱਖਣ।
ਇਨ ਮੈਂ ਕਛੁ ਤੇਰੇ ਨਹੀਂ ਨਾਨਕ ਕਹਿਓ ਬਖਾਨਿ।।
ਹੇ ਭਾਈ ਨਾਨਕ ਜੀ ਤੈਨੂੰ ਠੀਕ ਦੱਸ ਰਹੇ ਹਨ ਇਹਨਾਂ ਦਿੱਸਦੇ ਪਦਾਰਥਾਂ ਨਹੀਂ ਤੇਰਾ ਅਸਲੀ ਸਾਥੀ।
ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ।।
ਹੇ ਭਾਈ ਮਿੱਤਰ ਜਿਸ ਸਰੀਰ ਦਾ ਤੂੰ ਮਾਣ ਕਰਦਾ ਹੈ ਇਹ ਮੇਰਾ ਆਪਣਾ ਹੈ ਉਹ ਸਰੀਰ ਇਕ ਛਿਨ ਵਿਚ ਪਾਸ ਹੋ ਜਾਣਾ ਹੈ ਹੋਰ ਪਦਾਰਥ ਦਾ ਮੋਹ ਕਿਥੇ ਰਿਹਾ ਆਪਣੇ ਇਸ ਸਰੀਰ ਦਾ ਮੋਹ ਵੀ ਝੂਠਾ ਹੈ। ਇਸ ਨੇ ਇਕ ਛਿਨ ਵੀ ਸਾਥ ਨਹੀਂ ਦੇਣਾ।
ਜਿਸ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਸਿ ਜਗੁ ਜੀਤਿਆ।।
ਹੇ ਨਾਨਕ ਜਿਸ ਮਨੁੱਖ ਨੇ ਪਰਮਾਤਮਾ ਦੀ ਸਿਫਤ ਸਲਾਹ ਕਰਨੀ ਸ਼ੁਰੂ ਕਰ ਦਿੱਤੀ ਉਸ ਨੇ ਜਗਤ ਦੇ ਮੋਹ ਨੂੰ ਜਿੱਤ ਲਿਆ।
ਜਿਸ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ।।
ਹੇ ਨਾਨਕ ਇਹ ਗੱਲ ਠੀਕ ਮੰਨ ਕਿ ਉਸ ਮਨੁੱਖ ਅਤੇ ਪਰਮਾਤਮਾ ਵਿਚ ਕੋਈ ਫ਼ਰਕ ਨਹੀਂ ਹੈ
ਏਕ ਭਗਤਿ ਭਗਵਾਨ ਜਿਸ ਪ੍ਰਾਨੀ ਕੇ ਨਾਹ ਮਨਿ।।
ਜਿਸ ਮਨੁੱਖ ਦੇ ਮਨ ਵਿਚ ਪਰਮਾਤਮਾ ਦੀ ਭਗਤੀ ਨਹੀਂ ਹੈ।
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ।। ਹੇ ਨਾਨਕ ਉਸ ਦਾ ਸਰੀਰ ਉਹੋ ਜਿਹਾ ਹੀ ਸਮਝ ਜਿਹੋ ਜਿਹਾ ਕਿਸੇ ਸੂਰ ਦਾ ਸਰੀਰ ਹੈ ਜਾਂ ਕਿਸੇ ਕੁੱਤੇ ਦਾ ਸਰੀਰ ਹੈ।
ਸੁਆਮੀ ਕੋ ਗ੍ਰਿਹੁ ਜਿਉਂ ਸਦਾ ਸੁਆਨ ਤਜਤ ਨਹੀਂ ਨਿਤ।।
ਜਿਵੇਂ ਕੁੱਤਾ ਆਪਣੇ ਮਾਲਕ ਦਾ ਘਰ ਦਾ ਬੂਹਾ ਸਦਾ ਮੱਲੀ ਰੱਖਦਾ ਹੈ ਕਦੇ ਵੀ ਛੱਡਦਾ ਨਹੀਂ ਹੈ।
ਨਾਨਕ ਇਹ ਬਿਧਿ ਕਰਿ ਭਜਉ ਇਕ ਮਨਿ ਹੋਇ ਇਕ ਚਿਤਿ।।
ਹੇ ਨਾਨਕ ਇਸੇ ਤਰੀਕੇ ਨਾਲ ਇਕ ਮਨ ਹੋ ਕੇ ਇਕ ਚਿੱਤ ਹੋ ਕੇ ਪ੍ਰਮਾਤਮਾ ਦਾ ਭਜਨ ਕਰਿਆ ਕਰੋ ਉਸ ਦਾ ਦਰ ਕਦੇ ਛੱਡਿਆ ਹੀ ਨਾ ਜਾਵੇ।
ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ।।
ਪਰਮਾਤਮਾ ਦਾ ਭਜਨ ਛੱਡ ਕੇ ਮਨੁੱਖ ਤੀਰਥ ਇਸ਼ਨਾਨ ਕਰ ਕੇ ਵਰਤਰੱਖ ਕੇ ਦਾਨ ਪੁੰਨ ਕਰ ਕੇ। ਆਪਣੇ ਮਨ ਵਿਚ ਅਹੰਕਾਰ ਕਰਦਾ ਹੈ ਕਿ ਮੈਂ ਧਰਮੀ ਬਣ ਗਿਆ ਹਾਂ।
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਰ ਇਸ਼ਨਾਨ।।
ਉਸ ਦੇ ਇਹ ਸਾਰੇ ਕੀਤੇ ਹੋਏ ਕਰਮ ਵਿਉਰਥ ਚੱਲੇ ਜਾਂਦੇ ਹਨ। ਜਿਵੇਂ ਹਾਥੀ ਦਾ ਕੀਤਾ ਹੋਇਆ ਇਸ਼ਨਾਨ ।ਨੋਟ ਹਾਥੀ ਨਹਾ ਕੇ ਸੁਆਹ ਮਿੱਟੀ ਆਪਣੇ ਉਤੇ ਨਾ ਲੈਂਦਾ ਹੈ।
ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ। ਬੁਢੇਪਾ ਆ ਜਾਣ ਤੇ ਮਨੁੱਖ ਦਾ ਸਿਰ ਕੰਬਣ ਲੱਗ ਪੈਂਦਾ ਹੈ। ਤੁਰਦਿਆਂ ਪੈਰ ਥਿੜਕਦੇ ਹਨ ਅੱਖਾਂ ਦੀ ਜੋਤਿ ਚਲੀ ਜਾਂਦੀ ਹੈ

ਕਹੁ ਨਾਨਕ ਇਹ ਬਿਧਿ ਭਇ,ਹੈ ਤਉ ਨ ਹਰਿ ਰਸਿ ਲੀਨ।। ਗੁਰੂ ਤੇਗ ਬਹਾਦਰ ਜੀ ਆਖਦੇ ਹਨ ਬੁਢਾਪੇ ਕਰਕੇ ਜ਼ਰੂਰ ਦੀ ਇਹ ਹਾਲਤ ਹੋ ਗਈ ਹੈ। ਫਿਰ ਵੀ ਮਿਲਾ ਦਾ ਮੋਹ ਇਤਨਾ ਪ੍ਰਬਲ ਹੈ ਕਿ ਮਨੁੱਖ ਪਰਮਾਤਮਾ ਦੇ ਨਾਮ ਦਾ ਸੁਆਦ ਵਿਚ ਮਗਨ ਨਹੀਂ ਹੁੰਦਾ।
ਨਿਜ ਕਰਿ ਦੇਖਿਓ ਜਗਤ ਮੋ ਹੋ ਕਾਹੂ ਕੋ ਨਾਹਿ।।
ਮੈਂ ਜਗਤ ਨੂੰ ਆਪਣਾ ਸਮਝ ਕੇ ਹੀ ਹੁਣ ਤਕ ਵੇਖਦਾ ਰਿਹਾ ਪਰ ਇਥੇ ਤਾਂ ਕੋਈ ਕਿਸੇ ਦਾ ਵੀ ਨਹੀਂ।
ਨਾਨਕ ਥਾਲੁ ਹਰਿ ਭਗਤਿ ਹੈ ਤਿਹ ਰਾਖੇ ਮਨ ਮਾਹਿ।।
ਹੇ ਨਾਨਕ ਸਦਾ ਕਾਇਮ ਰਹਿਣ ਵਾਲੀ ਤਾਂ ਪਰਮਾਤਮਾ ਦੀ ਭਗਤੀ ਹੀ ਹੈ। ਇਸ ਭਗਤੀ ਨੂੰ ਆਪਣੇ ਮਨ ਵਿਚ ਵਸਾ ਕੇ ਰੱਖ।
ਜਗ ਰਚਨਏ ਸਭ ਝੂਠ ਹੈ ਜਾਨਿ ਵੇਸੁ ਰੇ ਮੀਚੁ।।
ਹੇ ਮਿੱਤਰ ਮੇਰੇ ਪਿਆਰੇ ਇਕ ਗੱਲ ਜਾਣ ਲੈ। ਜਗਤ ਦੀ ਹਰ ਰਚਨਾ ਝਠ ਹੈ ਨਾਸਵੰਤ ਹੈ। ਕਹਿ ਨਾਨਕ ਥਿਰੁ ਨਾ ਰਹੈਂ ਜਿਉਂ ਬਾਲੂ ਕੀ ਭੀਤਿ ।।
ਗੁਰੂ ਸਾਹਿਬ ਫੁਰਮਾਉਂਦੇ ਹਨ। ਰੇਤ ਦੀ ਕੰਧ ਵਾਂਗ ਜਗਤ ਵਿਚ ਕੋਈ ਚੀਜ਼ ਸਦਾ ਕਾਇਮ ਰਹਿਣ ਵਾਲੀ ਨਹੀਂ ਹੈ।
ਰਾਮ ਗਇਇਓ ਰਾਵਨੁ ਗਇ,ਸੋ ਜਾ ਕਉ ਬਹੁਤ ਪਰਵਾਰੁ।। ਦੇਖੋ ਸ੍ਰੀ ਰਾਮ ਚੰਦਰ ਕੂਚ ਕਰ ਗਿਆ ਰਾਵਨ ਵੀ ਚਲ ਵਸਿਆ ਜਿਸ ਨੂੰ ਵੱਡੇ ਪਰਿਵਾਰ ਵਾਲਾ ਕਿਹਾ ਜਾਂਦਾ ਹੈ।
ਕਹੁ ਨਾਨਕ ਥਿਰੁ ਕਛੁ ਨਹੀਂ ਸੁਪਨੇ ਜਿਉਂ ਸੰਸਾਰ।।
ਗੁਰੂ ਸਾਹਿਬ ਫੁਰਮਾਉਂਦੇ ਹਨ ਇੱਥੇ ਕੁਝ ਵੀ ਸਦਾ ਰਹਿਣ ਵਾਲਾ ਨਹੀਂ ਹੈ ਇਹ ਜਗਤ ਸੁਪਨੇ ਵਰਗਾ ਹੈ।
ਚਿੰਤਾ ਤਾਂ ਕੀਜੀਐ ਜੋਂ ਅਨਹੋਨੀ ਹੋਇ।।
ਮੌਤ ਜਾਂ ਵਾਧੇ ਘਾਟੇ ਵੇਲੇ ਦੀ ਚਿੰਤਾ ਛੱਡ ਕਿ ਉਸ ਦੀ ਚਿੰਤਾਂ ਕਰੋ ਜੋਂ ਘਟਨਾ ਕਦੇ ਵਾਪਸ ਵਾਪਰਨ ਵਾਲੀ ਨਾ ਹੋਵੇ।
ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨੀ ਕੋਇ ।। ਹੇ ਨਾਨਕ ਜਗਤ ਦੀ ਤਾਂ ਚਾਲ ਹੀ ਇਹੋ ਹੈ ਕਿ ਇਥੇ ਕੋਈ ਜੀਵ ਵੀ ਸਦਾ ਕਾਇਮ ਰਹਿਣ ਵਾਲਾ ਨਹੀਂ ਹੈ।
ਜੋਂ ਉਪਜਿਆ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ।।
ਜਗਤ ਵਿਚ ਤਾਂ ਜਿਹੜਾ ਵੀ ਜੰਮਿਆ ਹੈ ਉਹ ਜ਼ਰੂਰ ਖਤਮ ਹੋ ਜਾਏਗਾ ਹਰ ਕੋਈ ਇਥੋਂ ਅੱਜ ਜਾਂ ਕੱਲ ਕੂਚ ਕਰ ਜਾਣ ਵਾਲੇ ਹਨ।
ਨਾਨਕ ਹਰਿ ਗੁਨ ਗਾਇ ਦੇ ਛਾਡਿ ਸਗਲ ਜੰਜਾਲ।। ਹੇ ਨਾਨਕ ਇਹ ਵਾਸਤੇ ਮਾਇਆ ਦੇ ਮੋਹ ਦੀਆਂ ਸਾਰੀਆਂ ਬਾਹੀਆਂ ਲਾਹ ਕੇ ਪਰਮਾਤਮਾ ਦੇ ਗੁਣ ਗਾਇਆ ਕਰ।
ਦੋਹਰਾ।।ਬਲੁ ਛੁਟਕਿਓ ਬੰਧਨ ਪਰੇ ਕਛੂ ਨਾ ਹੋਤ ਉਪਾਇ।।
ਪ੍ਰਭੂ ਦੇ ਨਾਮ ਤੈਨੂੰ ਵਿਛੁੱੜ ਕੇ ਜਦੋਂ ਮਾਇਆ ਦੇ ਮੋਹ ਦੀਆਂ ਬਾਹੀਆਂ ਮਨੁੱਖ ਨੂੰ ਆ ਪੈਂਦੀਆਂ ਹਨ ਉਹਨਾਂ ਬਾਹੀਆਂ ਨੂੰ ਕੱਟਣ ਲਈ ਮਨੁੱਖ ਦੇ ਅੰਦਰੋਂ ਆਤਮਕ ਤਾਕਤ ਮੁੱਕ ਜਾਂਦੀ ਹੈ। ਮਾਇਆ ਦਾ ਟਾਕਰਾ ਕਰਨ ਲਈ ਮਨੁੱਖ ਪਾਸੋਂ ਕੋਈ ਵੀ ਹੀਲਾ ਨਹੀਂ ਕੀਤਾ ਜਾ ਸਕਦਾ।
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ।।
ਗੁਰੂ ਤੇਗ ਬਹਾਦਰ ਸਾਹਿਬ ਜੀ ਫੁਰਮਾਉਂਦੇ ਹਨ ਹੇ ਹਰੀ ਇਹੋ ਜਿਹੇ ਵੇਲੇ ਹੁਣ ਤੇਰਾ ਹੀ ਆਸਰਾ ਹੈ। ਜਿਵੇਂ ਤੂੰ ਤੇਂਦੂਏ ਤੋਂ ਛੁਡਾਉਣ ਲਈ। ਹਾਥੀ ਦਾ ਸਹਾਈ ਬਣਿਆ ਤਿਵੇਂ ਸਹਾਈ ਬਣ। ਭਾਵ ਮਾਇਆ ਦੇ ਲੋਭ ਦੇ ਬੰਧਨਾਂ ਤੋਂ ਖ਼ਲਾਸੀ ਹਾਸਲ ਕਰਨ ਲਈ ਪਰਮਾਤਮਾ ਦੇ ਦਰ ਤੇ ਅਰਦਾਸ ਹੀ ਇਕੋ ਇਕ ਵਸੀਲਾ ਹੈ।
ਬਲ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ।।
ਜਦੋਂ ਮਨੁੱਖ ਪ੍ਰਭੂ ਦੇ ਦਰ ਤੇ ਡਿੱਗਦਾ ਹੈ ਤਾਂ ਮਾਇਆ ਦਾ ਟਾਕਰਾ ਕਰਨ ਲਈ ਉਸ ਦੇ ਅੰਦਰ ਆਤਮਕ ਬਲ ਪੈਦਾ ਹੋ ਜਾਂਦਾ ਹੈ। ਮਾਇਆ ਮੋਹ ਦੇ ਬੰਧਨ ਟੁੱਟ ਜਾਂਦੇ ਹਨ। ਮੋਹ ਦਾ ਟਾਕਰਾ ਕਰਨ ਲਈ ਹਰੇਕ ਹੀਲਾ ਸਫਲ ਹੋ ਸਕਦਾ ਹੈ।
ਨਾਨਕ ਸਭੁ ਕਿਛੁ ਤੁਮਾਰੈ ਹਾਥ ਮੈਂ ਤੁਮ ਹੀ ਹੋਤ ਸਹਾਇ।।
ਸੋ ਗੁਰੂ ਜੀ ਫੁਰਮਾਉਂਦੇ ਹਨ ਹੇ ਪ੍ਰਭੂ ਸਭ ਕੁਝ ਤੇਰੇ ਹੱਥ ਵਿਚ ਹੈ। ਤੇਰੀ ਪੈਦਾ ਕੀਤੀ ਮਾਇਆ ਭੀ ਤੇਰੇ ਹੀ ਅਧੀਨ ਹੈ। ਇਸ ਤੋਂ ਬਚਣ ਲਈ ਤੂੰ ਹੀ ਮਦਦਗਾਰ ਹੋ ਸਕਦਾ ਹੈ।
ਸੰਗ ਸਖਾ ਸਭਿ ਤਹਿ ਗਏ,ਏ ਕੋਊ ਨ ਨਿਬਹਿਓ ਸਾਥਿ।।
ਜਦੋਂ ਅੰਤ ਵੇਲੇ ਸਾਰੇ ਸਾਥੀ ਸੰਗੀ ਛੱਡ ਜਾਂਦੇ ਹਨ ਜਦੋਂ ਕੈਦੀ ਵੀ ਸਾਥ ਨਹੀਂ ਨਿਬਾਹ ਸਕਦਾ।
ਕਹੁ ਨਾਨਕ ਇਹ ਬਿਪਤਿ ਮੈਂ ਟੇਕ ਕੇ ਰਘੁਨਾਥ।।
ਗੁਰੂ ਤੇਗ ਬਹਾਦਰ ਸਾਹਿਬ ਜੀ ਆਖਦੇ ਹਨ ਉਸ ਇਕੱਲੇ ਪਨ ਦੀ ਮੁਸੀਬਤ ਵੇਲੇ ਵੀ ਸਿਰਫ਼ ਪਰਮਾਤਮਾ ਦਾ ਹੀ ਸਹਾਰਾ ਹੁੰਦਾ ਹੈ। ਸੋ ਸਦਾ ਪਰਮਾਤਮਾ ਦਾ ਨਾਮ ਸਿਮਰਿਆ ਕਰੋ।
ਨਾਮੁ ਰਹਿਓਂ ਸਾਧੂ ਰਹਿਓਂ ਗੁਰੁ ਗੋਬਿੰਦੁ।।
ਅੰ ਵੇਲੇ ਪਰਮਾਤਮਾ ਦਾ ਨਾਮ ਹੀ ਜੀਵ ਦੇ ਨਾਲ ਰਹਿੰਦਾ ਹੈ। ਬਾਣੀ ਦੇ ਰੂਪ ਵਿਚ ਗੁਰੂ ਉਸ ਦੇ ਨਾਲ ਰਹਿੰਦਾ ਹੈ ਅਕਾਲ ਪੁਰਖ ਉਸ ਦੇ ਨਾਲ ਹੈ।
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤ੍ਰ।।
ਗੁਰੂ ਜੀ ਆਖਦੇ ਹਨ ਇਸ ਦੁਨੀਆਂ ਵਿਚ ਜਿਸ ਕਿਸੇ ਮਨੁੱਖ ਨੇ ਹਰਿ ਨਾਮ ਸਿਮਰਨ ਵਾਲਾ ਗੁਰੂ ਦਾ ਉਪਦੇਸ਼ ਆਪਣੇ ਅੰਦਰ ਸਦਾ ਵਸਾਇਆ ਹੈ ਤੇ ਨਾਮ ਜਪਿਆ ਹੈ। ਉਸ ਦੇ ਅੰਤ ਵੇਲੇ ਇਹ ਸਹਾਈ ਬਣਦੇ ਹਨ।
ਰਾਮ ਨਾਮੁ ਕਰ ਮੈਂ ਗਹਿਓ ਜਾ ਕੈ ਸਮ ਨਹੀ ਕੋਇ।।
ਹੇ ਪ੍ਰਭੂ ਜਿਸ ਮਨੁੱਖ ਨੇ ਤੇਰਾ ਨਾਮ ਆਪਣੇ ਹਿਰਦੇ ਵਿਚ ਵਸਾਇਆ ਹੈ ਜਿਸ ਦੇ ਬਰਾਬਰ ਦਾ ਹੋਰ ਕੋਈ ਨਹੀਂ।
ਜਿਸ ਸਿਮਰਤ ਸੰਕਟ ਮਿਟੈ ਦਰਸੁ ਤੁਹਾਥੋਂ ਹੋਇ।।
ਜਿਸ ਨੂੰ ਸਿਮਰਿਆ ਹਰੇਕ ਦੁੱਖ ਕਲੇਸ਼ ਦੂਰ ਹੋ ਜਾਂਦਾ ਹੈ ਉਸ ਮਨੁੱਖ ਨੂੰ ਤੇਰਾ ਦਰਸ਼ਨ ਵੀ ਹੋ ਜਾਂਦਾ ਹੈ।
ਇਹ ਨਾਵੇਂ ਮਹਲੇ ਦੇ ਸਲੋਕਾਂ ਦੇ ਅਰਥ ਕੀਤੇ ਹਨ।
੩੫੦ ਸਾਲਾਂ ਸ਼ਤਾਬਦੀ ਨੂੰ ਮੇਰਾ ਕੋਟੀ ਕੋਟਾਨ ਪ੍ਰਣਾਮ।